BC CANCER

Provincial Health Services Authority

Punjabi

# ਮਰੀਜ਼ਾਂ ਦੀ ਸੁਰੱਖਿਆ #1 ਹੈ

# PATIENT SAFETY IS #1

## ਬੀ.ਸੀ. ਕੈਂਸਰ ਵਿਖੇ ਮਰੀਜ਼ਾਂ ਦੀ ਸੁਰੱਖਿਆ ਵਿੱਚ ਤੁਹਾਡਾ ਫ਼ਰਜ਼ ਮਰੀਜ਼ਾਂ ਅਤੇ ਪਰਵਾਰਾਂ ਲਈ ਜਾਣਕਾਰੀ

















# ਤਤਕਰਾ
# Contents


ਮਰੀਜ਼ਾਂ ਅਤੇ ਪਰਵਾਰਾਂ ਦਾ ਸਵਾਗਤ .......... 3

ਆਪਣੀ ਦੇਖ ਭਾਲ ਵਿੱਚ ਤੁਹਾਡੀ ਭੂਮਿਕਾ– ਮਰੀਜ਼ ਦੇ ਹੱਕ ਅਤੇ ਜ਼ਿੰਮੇਵਾਰੀਆਂ .......... 4

ਆਪਣੀ ਦੇਖ ਭਾਲ ਵਿੱਚ ਤੁਹਾਡੀ ਭੂਮਿਕਾ – ਇਲਾਜ ਦੀ ਯੋਜਨਾਬੰਦੀ .......... 5

ਦੇਖ ਭਾਲ ਦੀ ਯੋਜਨਾ .......... 5

ਭਾਵਾਤਮਿਕ ਦੇਖ ਭਾਲ ਅਤੇ ਮਦਦ .......... 8

ਭਾਸ਼ਾ ਸੇਵਾਵਾਂ .......... 8

ਦੇਖ ਭਾਲ ਦੀ ਅਗੇਤਰੀ ਯੋਜਨਾ .......... 9

ਆਪਣੀ ਦੇਖ ਭਾਲ ਵਿੱਚ ਤੁਹਾਡੀ ਭੂਮਿਕਾ– ਮਰੀਜ਼ ਦੀ ਸੁਰੱਖਿਆ .......... 10

ਮਰੀਜ਼ ਦੀ ਪਹਿਚਾਣ .......... 11

ਦਵਾਈਆਂ ਦੀ ਸੁਰੱਖਿਆ .......... 12

ਡਾਕਟਰੀ ਪ੍ਰੋਸੀਜਰ ਅਤੇ ਟ੍ਰੀਟਮੈਂਟ .......... 16

ਇੰਟਰਵੀਨਸ ਥੈਰੇਪੀ .......... 17

ਇਨਫ਼ੈਕਸ਼ਨ ਕੰਟਰੋਲ .......... 18

ਮਰੀਜ਼ ਦਾ ਡਿੱਗਣ ਤੋਂ ਬਚਾਅ – ਚੱਲਣ ਫਿਰਨ ਵਿੱਚ ਸਹਾਇਤਾ .......... 19

ਪ੍ਰੈਸ਼ਰ ਨਾਲ ਹੋਏ ਜ਼ਖ਼ਮਾਂ ਦੀ ਰੋਕ .......... 20

ਐਮਰਜੈਂਸੀ ਲਈ ਤਿਆਰੀ .......... 21

ਬੀ.ਸੀ. ਕੈਂਸਰ ਵਿੱਚ ਅਪੌਇੰਟਮੈਂਟਾਂ–ਅਪੌਇੰਟਮੈਂਟ ਲਈ ਸਮੇਂ ਸਿਰ ਪਹੁੰਚਣਾ ਜੇ ਕਰ ਤੁਸੀਂ ਕਮਿਊਨਿਟੀ ਹਸਪਤਾਲ ਵਿਖੇ ਦਾਖਲ ਹੋ .......... 22

ਮਰੀਜ਼ ਦੇ ਰਿਕਾਰਡ ਤੱਕ ਪਹੁੰਚ .......... 22

ਦੇਖ ਭਾਲ ਦੀ ਕੁਆਲਿਟੀ ਦੇ ਸੁਧਾਰ ਵਿੱਚ ਮਰੀਜ਼ ਦੀ ਭੂਮਿਕਾ .......... 23

ਦਵਾਈਆਂ ਦਾ ਚਾਰਟ .......... 24

ਵਿਅਕਤੀਗਤ ਨੋਟ .......... 25

# ਬੀ.ਸੀ. ਕੈਂਸਰ ਵਿੱਚ ਸੁਆਗਤ
# Welcome to BC Cancer

ਬੀ.ਸੀ. ਕੈਂਸਰ ਤੁਹਾਡੀ ਜੀਵਨਸ਼ੈਲੀ, ਗੋਪਨੀਯਤਾ ਅਤੇ ਮਾਨ ਸਤਿਕਾਰ ਦਾ ਧਿਆਨ ਰੱਖਦਿਆਂ ਹੋਇਆਂ ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਸਵਾਗਤੀ ਮਾਹੌਲ ਵਿੱਚ ਉੱਤਮ, ਇਖ਼ਲਾਕੀ ਅਤੇ ਸੁਰੱਖਿਅਤ ਦੇਖ ਭਾਲ ਦੇਣ ਲਈ ਵਚਨਬੱਧ ਹੈ।

ਇਹ ਕਿਤਾਬਚਾ ਬੀ.ਸੀ. ਕੈਂਸਰ ਵਿੱਚ ਰਹਿਣ ਦੌਰਾਨ ਤੁਹਾਡੇ ਲਈ ਸੁਰੱਖਿਆ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਇਸ ਕਿਤਾਬਚੇ ਵਿੱਚ ਇਹ ਜਾਣਕਾਰੀ ਵੀ ਹੈ ਕਿ ਆਪਣੀ ਸਿਹਤ ਅਤੇ ਬੀ.ਸੀ. ਕੈਂਸਰ ਵਿੱਚ ਤੁਹਾਡੀ ਦੇਖ ਭਾਲ ਦੇ ਪਲੈਨ ਬਾਰੇ ਸਿਹਤ ਸੰਭਾਲ ਕਰਨ ਵਾਲਿਆਂ ਨਾਲ ਤੁਸੀਂ ਕਿਵੇਂ ਸੰਪਰਕ ਕਰਨਾ ਹੈ।

ਲੋਕਾਂ ਦੀ ਦੇਖ ਭਾਲ ਤੇ ਕੇਂਦਰਿਤ ਬੀ.ਸੀ. ਕੈਂਸਰ ਦਾ ਦ੍ਰਿਸ਼ਟੀਕੋਣ ਮਰੀਜ਼ਾਂ ਅਤੇ ਪਰਵਾਰਾਂ ਦੀ ਵਿਉਂਤਬੰਦੀ ਦੀ ਤਾਕਤ ਤੇ ਨਿਰਭਰ ਕਰਦਾ ਹੈ। ਆਪਣੀ ਦੇਖ ਭਾਲ ਵਿੱਚ ਤੁਹਾਡੀ ਇੱਕ ਮਹੱਤਵਪੂਰਨ ਭੂਮਿਕਾ ਹੈ ਅਤੇ ਤੁਹਾਨੂੰ ਤੁਹਾਡੀਆਂ ਖ਼ਾਸ ਲੋੜਾਂ ਦਾ ਪਤਾ ਹੈ। ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਸਾਨੂੰ ਦੱਸੋ ਕਿ ਤੁਸੀਂ ਕਿਸ ਤਰ੍ਹਾਂ ਆਪਣੀ ਸਿਹਤ ਸੰਭਾਲ ਲਈ ਬੀ.ਸੀ. ਕੈਂਸਰ ਨਾਲ ਸਹਿਯੋਗ ਕਰ ਸਕਦੇ ਹੋ।

# ਆਪਣੀ ਦੇਖ ਭਾਲ ਵਿੱਚ ਤੁਹਾਡੀ ਭੂਮਿਕਾ–ਮਰੀਜ਼ ਦੇ ਹੱਕ ਅਤੇ ਜ਼ਿੰਮੇਵਾਰੀਆਂ

# Your role in your care – patient rights and responsibilities

**ਇੱਕ ਮਰੀਜ਼ ਜਾਂ ਪਰਵਾਰਕ ਮੈਂਬਰ ਹੋਣ ਦੇ ਨਾਤੇ ਤੁਹਾਡਾ ਹੱਕ ਹੈ ਕਿ:**
AS A PATIENT OR FAMILY MEMBER, YOU HAVE THE RIGHT TO:

- ਤੁਹਾਡੀ ਇਕਾਂਤ ਅਤੇ ਗੋਪਨੀਯਤਾ ਸੁਰੱਖਿਅਤ ਰਹੇ
- ਤੁਹਾਡੇ ਨਾਲ ਸਤਿਕਾਰ ਭਰਿਆ ਵਿਹਾਰ ਹੋਵੇ
- ਤੁਹਾਡੇ ਨਾਲ ਹਮਦਰਦੀ ਵਾਲਾ ਵਿਹਾਰ ਹੋਵੇ
- ਤੁਹਾਨੂੰ ਧਾਰਮਿਕ ਅਤੇ ਸਭਿਆਚਾਰਕ ਰੀਤੀ ਰਿਵਾਜ ਕਾਇਮ ਰੱਖਣ ਵਿੱਚ ਮਦਦ ਮਿਲੇ
- ਸੁਆਲ ਪੁੱਛੋ, ਦੇਖ ਭਾਲ ਦੇ ਵਿਕਲਪਾਂ ਨਾਲ ਸਹਿਮਤ ਜਾਂ ਅਸਹਿਮਤ ਹੋਵੋ ਅਤੇ/ਜਾਂ ਦੂਸਰੀ ਰਾਇ ਬਾਰੇ ਪੁੱਛੋ
- ਤੁਹਾਡੀ ਦੇਖਭਾਲ ਨਾਲ ਸੰਬੰਧਤ ਫੈਸਲਿਆਂ ਵਿੱਚ ਸਰਗਰਮ ਹਿੱਸਾ ਲਵੋ
- ਆਪਣੇ ਹੈਲਥ ਰਿਕਾਰਡ ਵਿੱਚੋਂ ਜਾਣਕਾਰੀ ਲਵੋ
- ਇੱਕ ਮਦਦਗਾਰ ਜਾਂ ਸਮਰਥਕ ਆਪਣੀ ਸਿਹਤ ਸੰਭਾਲ ਵਿੱਚ ਸ਼ਾਮਲ ਰੱਖੋ
- ਖੋਜ ਜਾਂ ਕਲੀਨਿਕ ਦੇ ਅਜ਼ਮਾਇਸ਼ੀ ਪ੍ਰੋਗਰਾਮਾਂ ਵਿੱਚ ਹਿੱਸਾ ਲਵੋ ਜਾਂ ਮਨ੍ਹਾ ਕਰ ਦਿਓ
- ਟ੍ਰੀਟਮੈਂਟ ਤੋਂ ਇਨਕਾਰ ਕਰਨਾ
- ਸਾਂਭ ਸੰਭਾਲ ਦੀ ਕੁਆਲਿਟੀ ਬਾਰੇ ਚਿੰਤਾ ਜ਼ਾਹਿਰ ਕਰੋ ਜਾਂ ਸੁਆਲ ਪੁੱਛੋ

**ਇੱਕ ਮਰੀਜ਼ ਜਾਂ ਪਰਵਾਰਕ ਮੈਂਬਰ ਹੋਣ ਦੇ ਨਾਤੇ ਤੁਹਾਡੀਆਂ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹਨ:**
AS A PATIENT OR FAMILY MEMBER, YOUR RESPONSIBILITIES INCLUDE:

- ਠੀਕ ਜਾਣਕਾਰੀ ਦਿਓ
- ਸੁਰੱਖਿਆ ਬਾਰੇ ਚਿੰਤਾ ਦੀ ਰਿਪੋਰਟ ਕਰੋ
- ਹਸਪਤਾਲ ਅਤੇ ਕੈਂਸਰ ਸੈਂਟਰ ਦੀਆਂ ਨੀਤੀਆਂ ਦੀ ਪਾਲਨਾ ਕਰੋ
- ਦੂਜਿਆਂ ਦਾ ਸਤਿਕਾਰ ਕਰੋ

# ਆਪਣੀ ਦੇਖ ਭਾਲ ਵਿੱਚ ਤੁਹਾਡੀ ਭੂਮਿਕਾ–ਇਲਾਜ ਦੀ ਯੋਜਨਾ

# Your role in your care – treatment planning

## ਦੇਖ ਭਾਲ ਦੀ ਯੋਜਨਾ

## Care planning

ਬੀ.ਸੀ. ਕੈਂਸਰ ਵਿੱਚ ਤੁਹਾਡੇ ਸੁਰੱਖਿਅਤ ਰਹਿਣ ਵਿੱਚ ਮਦਦ ਲਈ ਇਹ ਬੜਾ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਹਾਲਤ ਅਤੇ ਦੇਖ ਭਾਲ ਦੀ ਯੋਜਨਾ ਨੂੰ ਸਮਝੋ। ਤੁਸੀਂ ਅਤੇ ਤੁਹਾਡੀ ਸਿਹਤ ਸੰਭਾਲ ਕਰਨ ਵਾਲੀ ਟੀਮ ਮਿਲ ਕੇ ਯੋਜਨਾ ਬਣਾਉਗੇ ਕਿ ਜਦੋਂ ਤੁਸੀਂ ਬੀ.ਸੀ. ਕੈਂਸਰ ਵਿੱਚ ਹੋਵੋਗੇ ਤਾਂ ਦੇਖ ਭਾਲ ਕਿਵੇਂ ਹੋਣੀ ਹੈ ਅਤੇ ਜਦੋਂ ਤੁਸੀਂ ਘਰ ਹੋਵੋਗੇ ਤਾਂ ਕੀ ਕਰਨਾ ਹੈ। ਇਸ ਵਿੱਚ ਤੁਹਾਡੇ ਲਈ ਨਿਯਤ ਕੀਤੀਆਂ ਦਵਾਈਆਂ, ਤੁਹਾਡੀ ਖ਼ੁਰਾਕ ਅਤੇ ਤੁਸੀਂ ਕਿਸ ਕਿਸਮ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈ ਸਕਦੇ ਹੋ ਸ਼ਾਮਲ ਹੋਵੇਗਾ।

ਕਿਰਪਾ ਕਰ ਕੇ ਇਹ ਸਮਝ ਲਵੋ ਕਿ ਤੁਸੀਂ ਆਪਣੇ ਇਲਾਜ ਦੀ ਯੋਜਨਾ ਬਾਰੇ ਕਿਸੇ ਸਮੇਂ ਵੀ ਸੁਆਲ ਪੁੱਛ ਸਕਦੇ ਹੋ। ਜਦੋਂ ਵੀ ਸੰਭਵ ਹੋਵੇ ਆਪਣੀ ਅਪੌਇੰਟਮੈਂਟ ਤੋਂ ਪਹਿਲਾਂ ਆਪਣੇ ਸੁਆਲ ਲਿਖ ਲਵੋ। ਇਸ ਤਰ੍ਹਾਂ ਤੁਹਾਨੂੰ ਯਾਦ ਰਹੇਗਾ ਕਿ ਸਿਹਤ ਸੰਭਾਲ ਕਰਨ ਵਾਲੀ ਟੀਮ ਨੂੰ ਕੀ ਪੁੱਛਣਾ ਹੈ।

ਆਪਣੀ ਸਿਹਤ ਸੰਭਾਲ ਕਰਨ ਵਾਲੀ ਟੀਮ ਨਾਲ ਗਲ ਬਾਤ ਦੌਰਾਨ ਉਨ੍ਹਾਂ ਨੂੰ ਸਿਹਤ ਸੰਭਾਲ ਬਾਰੇ ਆਪਣੀਆਂ ਜ਼ਰੂਰਤਾਂ ਅਤੇ ਆਪਣੀ ਪਸੰਦ ਬਾਰੇ ਦੱਸੋ। ਜੇ ਕੋਈ ਗਲ ਸਮਝ ਨਾ ਆਵੇ ਤਾਂ ਕਿਰਪਾ ਕਰ ਕੇ ਸਾਨੂੰ ਦੱਸੋ। ਜਦੋਂ ਮਰੀਜ਼, ਪਰਵਾਰ ਅਤੇ ਸਿਹਤ ਸੰਭਾਲ ਕਰਨ ਵਾਲੀ ਟੀਮ ਮਿਲ ਕੇ ਕੰਮ ਕਰਨ ਤਾਂ ਤੁਹਾਡੀ ਵਧੀਆ ਸਿਹਤ ਸੰਭਾਲ ਹੋ ਸਕਦੀ ਹੈ।

## ਇਹ ਜਾਣੋ ਕਿ ਤੁਹਾਡੀ ਦੇਖ ਭਾਲ ਦਾ ਇੰਚਾਰਜ ਕੌਣ ਹੈ

KNOW WHO IS IN CHARGE OF YOUR CARE

ਇਹ ਬੜਾ ਜ਼ਰੂਰੀ ਹੈ ਜੇ ਕਰ ਤੁਹਾਡੀਆਂ ਕਈ ਸਿਹਤ ਸਮੱਸਿਆਵਾਂ ਹਨ ਜਾਂ ਕਈ ਸਿਹਤ ਸੰਭਾਲ ਪ੍ਰਦਾਤਾ ਦੇਖ ਭਾਲ ਪ੍ਰਦਾਨ ਕਰ ਰਹੇ ਹਨ। ਜੇ ਕਰ ਕਈ ਮਾਹਿਰ ਤੁਹਾਡੀ ਸਿਹਤ ਸੰਭਾਲ ਵਿੱਚ ਸ਼ਾਮਲ ਹਨ ਤਾਂ ਬੜਾ ਭੁਲੇਖਾ ਪੈ ਸਕਦਾ ਹੈ ਪਰ ਸਿਰਫ਼ ਇੱਕ ਵਿਅਕਤੀ ਹੀ ਤੁਹਾਡਾ ਇੰਚਾਰਜ ਹੋਵੇਗਾ (ਜਿਸ ਨੂੰ 'ਬਹੁਤ ਜ਼ਿੰਮੇਵਾਰ ਡਾਕਟਰ' ਵੀ ਕਿਹਾ ਜਾਂਦਾ ਹੈ)। ਇਹ ਪੁੱਛੋ ਕਿ ਉਹ ਕੌਣ ਹੈ ਅਤੇ ਉਸ ਦੇ ਨਾਲ ਆਪਣੀ ਸਿਹਤ ਸੰਭਾਲ ਬਾਰੇ ਹਮੇਸ਼ਾ ਗਲ ਬਾਤ ਸਾਂਝੀ ਕਰੋ।

## ਤੁਹਾਡੀ ਦੇਖ ਭਾਲ ਕਰਨ ਵਾਲੇ ਸਾਰੇ ਮਾਹਿਰਾਂ ਨੂੰ ਆਪਣੀ ਸਿਹਤ ਬਾਰੇ ਸਾਰੀ ਜਾਣਕਾਰੀ ਦਿਓ

TELL ALL HEALTH PROFESSIONALS INVOLVED IN YOUR CARE ALL YOUR HEALTH INFORMATION

ਇਹ ਨਾ ਸਮਝੋ ਕਿ ਹਰ ਇੱਕ ਸਿਹਤ ਸੰਭਾਲ ਕਰਨ ਵਾਲੇ ਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਹੈ। ਇਸ ਦਾ ਮਤਲਬ ਹੈ ਕਿ ਕਈ ਵਾਰ ਤੁਹਾਨੂੰ ਦੁਹਰਾਉਣਾ ਪਵੇਗਾ, ਇਹ ਨਿਰਾਸ਼ਾਜਨਕ ਹੋ ਸਕਦਾ ਹੈ ਪਰ ਦੁਬਾਰਾ ਦੱਸਣ ਵਿੱਚ ਡਰੋ ਨਾ। ਹੇਠ ਲਿਖੇ ਸਮੇਤ ਕਿਰਪਾ ਕਰ ਕੇ ਸਿਹਤ ਸੰਭਾਲ ਕਰਨ ਵਾਲਾ ਸਿਹਤ ਅਤੇ ਸੁਰੱਖਿਆ ਬਾਰੇ ਜੋ ਵੀ ਸੁਆਲ ਪੁੱਛਦਾ ਹੈ ਉਨ੍ਹਾਂ ਸਾਰਿਆਂ ਦੇ ਜਵਾਬ ਦਿਓ:

- ਡਿੱਗਣ ਦਾ ਖ਼ਤਰਾ,
- ਪੌਸ਼ਟਿਕ ਖ਼ੁਰਾਕ ਬਾਰੇ,
- ਤੁਸੀਂ ਜੋ ਦਵਾਈਆਂ ਲੈ ਰਹੇ ਹੋ,
- ਭਾਵਾਤਮਿਕ ਦੇਖ ਭਾਲ ਦੀ ਜ਼ਰੂਰਤ,
- ਸਰੀਰਕ ਲੱਛਣ ਜੋ ਤੁਸੀਂ ਮਹਿਸੂਸ ਕਰ ਰਹੇ ਹੋ,
- ਸਾਂਭ ਸੰਭਾਲ ਦੀ ਅਗੇਤਰੀ ਯੋਜਨਾ

## ਆਪਣੇ ਸਿਹਤ ਸੰਭਾਲ ਕਰਨ ਵਾਲਿਆਂ ਨੂੰ ਦੱਸੋ ਕਿ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ

LET YOUR HEALTH CARE PROVIDERS KNOW HOW YOU ARE FEELING

ਇਲਾਜ ਅਤੇ/ਜਾਂ ਦੇਖ ਭਾਲ ਲਈ ਤੁਹਾਡੇ ਨਾਲ ਜਾਣਾ ਇੱਕ ਪਰਵਾਰਕ ਮੈਂਬਰ ਲਈ ਬੜਾ ਤਣਾਉ ਅਤੇ ਫ਼ਿਕਰ ਪੈਦਾ ਕਰ ਸਕਦਾ ਹੈ। ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਕਿਵੇਂ ਮਹਿਸੂਸ ਹੋ ਰਿਹਾ ਹੈ ਇਹ ਦੱਸਣ ਨਾਲ ਸਾਨੂੰ ਬੜੀ ਮਦਦ ਮਿਲਦੀ ਹੈ। ਸਾਨੂੰ ਦੱਸੋ ਕਿ ਤੁਸੀਂ ਕੀ ਸਮਝਦੇ ਹੋ ਕਿ ਕੀ ਠੀਕ ਹੋ ਰਿਹਾ ਅਤੇ ਇਸ ਤੋਂ ਇਲਾਵਾ ਜੇ ਕੋਈ ਤੁਹਾਡੀਆਂ ਚਿੰਤਾਵਾਂ ਹਨ ਉਹ ਵੀ ਸਾਨੂੰ ਦੱਸੋ।

ਕਿਰਪਾ ਕਰ ਕੇ ਆਪਣੀਆਂ ਜ਼ਰੂਰਤਾਂ ਸਮਝਾਉਣ ਵਿੱਚ ਸਾਡੀ ਮਦਦ ਕਰੋ। ਸਾਡਾ ਇਹ ਨਿਸ਼ਾਨਾ ਹੈ ਕਿ ਸੇਵਾ ਸੰਭਾਲ ਦੇ ਦੌਰਾਨ ਤੁਹਾਨੂੰ ਸੁਰੱਖਿਅਤ ਅਤੇ ਸੁਖੀ ਰੱਖਿਆ ਜਾਏ। ਸਾਡੇ ਸਿਹਤ ਸੰਭਾਲ ਕਰਨ ਵਾਲੇ ਤੁਹਾਡੇ ਨਾਲ ਮਿਲ ਕੇ ਸਪੈਸ਼ਲ ਸੇਵਾ ਸੰਭਾਲ ਦਾ ਪਲੈਨ ਤਿਆਰ ਕਰਨਗੇ ਅਤੇ ਤੁਹਾਡੇ ਤਣਾਉ ਅਤੇ ਚਿੰਤਾਵਾਂ ਨੂੰ ਘੱਟ ਕਰਨ ਲਈ ਲੋੜੀਂਦੇ ਸਰੋਤਾਂ ਤੱਕ ਪਹੁੰਚ ਕਰਨ ਵਿੱਚ ਤੁਹਾਡੀ ਮਦਦ ਕਰਨਗੇ।

## ਭਰੋਸੇਯੋਗ ਸਰੋਤਾਂ ਤੋਂ ਆਪਣੀ ਹਾਲਤ ਅਤੇ ਸੇਵਾ ਸੰਭਾਲ ਬਾਰੇ ਤੁਸੀਂ ਜਿੰਨਾ ਸਿੱਖ ਸਕਦੇ ਹੋ ਸਿੱਖੋ

LEARN AS MUCH AS YOU CAN ABOUT YOUR CONDITION AND CARE USING RELIABLE SOURCES

ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਤੋਂ ਆਪਣੀ ਹਾਲਤ ਬਾਰੇ ਅਤੇ ਨਵੇਂ ਵਿਗਿਆਨਕ ਪ੍ਰਮਾਣਾਂ ਬਾਰੇ ਪੁੱਛੋ। ਤੁਹਾਡੀ ਸੇਵਾ ਸੰਭਾਲ ਕਰਨ ਵਾਲੇ ਕੋਲ ਖੋਜ ਭਰਪੂਰ ਲੇਖਾਂ ਦੀਆਂ ਕਾਪੀਆਂ ਜਾਂ ਲੇਖਾਂ ਦੇ ਲਿੰਕ ਹੋਣਗੇ ਜੋ ਤੁਸੀਂ ਵੇਖਣਾ ਚਾਹੋਗੇ।

ਆਪਣੇ ਸੁਆਲ ਲਿਖ ਲਵੋ ਅਤੇ ਅਗਲੀ ਅਪੌਇੰਟਮੈਂਟ/ਇਲਾਜ ਸਮੇਂ ਨਾਲ ਲੈ ਕੇ ਆਓ। ਆਪਣੀ ਸੇਵਾ ਸੰਭਾਲ ਕਰਨ ਵਾਲੇ ਨਾਲ ਆਪਣੀ ਹਾਲਤ ਅਤੇ ਇਲਾਜ ਦੇ ਪਲੈਨ ਬਾਰੇ ਵਿਚਾਰ ਵਿਮਰਸ਼ ਵਿੱਚ ਮਦਦ ਕਰਨ ਦਾ ਇਹ ਵੀ ਇੱਕ ਤਰੀਕਾ ਹੈ।

ਬੀ.ਸੀ. ਕੈਂਸਰ ਦੇ ਹਰ ਇੱਕ ਸੈਂਟਰ ਦੀ ਰਿਸੋਰਸ ਲਾਇਬਰੇਰੀ ਵਿੱਚੋਂ ਵੀ ਤੁਹਾਨੂੰ ਆਪਣੀ ਹਾਲਤ ਬਾਰੇ ਜਾਣਕਾਰੀ ਲਈ ਮਦਦ ਮਿਲ ਸਕਦੀ ਹੈ।

## ਕੀ ਤੁਸੀਂ ਬਹੁਤ ਦਬਾਅ ਥੱਲੇ ਮਹਿਸੂਸ ਕਰਦੇ ਹੋ

IF YOU ARE FEELING OVERWHELMED

ਕਈ ਵਾਰ ਬਿਮਾਰੀ ਦੀਆਂ ਲੋੜਾਂ ਅਤੇ ਜ਼ਿੰਦਗੀ ਦੀਆਂ ਲੋੜਾਂ (ਜਿਵੇਂ ਕਿ ਨੌਕਰੀ ਜਾਂ ਬੱਚੇ) ਵਿੱਚ ਸੰਤੁਲਨ ਬਣਾਉਣਾ ਬਹੁਤ ਦਬਾਅ ਪੈਦਾ ਕਰ ਸਕਦਾ ਹੈ। ਜੇ ਤੁਹਾਡੇ ਕੋਲ ਕੋਈ ਐਸਾ ਵਿਅਕਤੀ ਹੈ ਜੋ ਇਨ੍ਹਾਂ ਲੋੜਾਂ ਵਿੱਚ ਸੰਤੁਲਨ ਪੈਦਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਸਲਾਹ ਦੇ ਸਕਦਾ ਹੈ ਤਾਂ ਤੁਹਾਨੂੰ ਆਪਣੀ ਸਿਹਤ ਸੰਭਾਲ ਕਰਨੀ ਆਸਾਨ ਹੋ ਜਾਏਗੀ।

ਜੇ ਸੰਭਵ ਹੋਵੇ ਤਾਂ ਪਰਵਾਰਿਕ ਮੈਂਬਰ ਜਾਂ ਦੋਸਤ ਨੂੰ ਕਹੋ ਕਿ ਤੁਹਾਡੀ ਅਪੌਇੰਟਮੈਂਟ, ਇਲਾਜ ਜਾਂ ਪ੍ਰੋਸੀਜਰ ਦੇ ਸਮੇਂ ਉਹ ਤੁਹਾਡੇ ਨਾਲ ਹੋਵੇ। ਮਦਦ ਲਈ ਐਸਾ ਵਿਅਕਤੀ ਚੁਣੋ ਜੋ ਕੰਮ ਕਰ ਸਕੇ ਅਤੇ ਜੇ ਤੁਸੀਂ ਨਾ ਬੋਲ ਸਕੋ ਤਾਂ ਤੁਹਾਡੇ ਲਈ ਬੋਲ ਸਕੇ।

ਜਿਹੜੀ ਜਾਣਕਾਰੀ ਸਿਹਤ ਸੰਭਾਲ ਕਰਨ ਵਾਲਾ ਦਿੰਦਾ ਹੈ ਉਹ ਲਿਖ ਲਵੋ ਤਾਂ ਕਿ ਬਾਅਦ ਵਿੱਚ ਚੰਗੀ ਤਰ੍ਹਾਂ ਸਮਝ ਸਕੋ।

## ਮਰੀਜ਼ਾਂ ਦੀ ਕੇਅਰ ਲਈ ਨਰਸ ਲਾਈਨ

PATIENT CARE NURSE LINE

ਜੇ ਤੁਸੀਂ ਠੀਕ ਮਹਿਸੂਸ ਨਾ ਕਰੋ ਜਾਂ ਘਰ ਵਿੱਚ ਇਲਾਜ ਦੇ ਪਲੈਨ ਨੂੰ ਨਾ ਸਮਝ ਸਕੋ ਤਾਂ ਬੀ.ਸੀ. ਕੈਂਸਰ ਦੀ ਪੇਸ਼ੈਂਟ ਕੇਅਰ ਨਰਸ ਲਾਈਨ ਨੂੰ ਫ਼ੋਨ ਕਰੋ।

ਹਰ ਇੱਕ ਬੀ.ਸੀ. ਕੈਂਸਰ ਸੈਂਟਰ ਵਿੱਚ ਇੱਕ ਫ਼ੋਨ ਨੰਬਰ ਹੈ ਜਿਸ ਤੇ ਤੁਸੀਂ ਰਜਿਸਟਰਡ ਨਰਸ ਨਾਲ ਇਲਾਜ ਸਬੰਧੀ ਆਮ ਸੁਆਲ ਜਾਂ ਲੱਛਣਾਂ ਬਾਰੇ ਗਲ ਕਰ ਸਕਦੇ ਹੋ। ਕਿਰਪਾ ਕਰ ਕੇ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਆਪਣੇ ਭਾਈਚਾਰੇ ਲਈ ਫ਼ੋਨ ਨੰਬਰ ਬਾਰੇ ਪੁੱਛੋ।

# ਭਾਵਾਤਮਿਕ ਦੇਖ ਭਾਲ ਅਤੇ ਮਦਦ
# Emotional care and support

ਕੈਂਸਰ ਨਾਲ ਹਰ ਇੱਕ ਅਨੁਭਵ ਵਿਲੱਖਣ ਹੁੰਦਾ ਹੈ। ਤੁਸੀਂ ਜੋ ਵੀ ਅਨੁਭਵ ਕਰ ਰਹੇ ਹੋ ਅਸੀਂ ਤੁਹਾਡੀ ਮਦਦ ਲਈ ਮੌਜੂਦ ਹਾਂ। ਜਦ ਤੱਕ ਤੁਸੀਂ ਬੀ.ਸੀ. ਕੈਂਸਰ ਵਿੱਚ ਹੋ ਤੁਹਾਡੀ ਸਰੀਰਕ ਅਤੇ ਭਾਵਾਤਮਿਕ ਦੇਖ ਭਾਲ ਸਾਡੇ ਲਈ ਮੁੱਖ ਕੰਮ ਹੈ।

- **ਕੀ ਤੁਸੀਂ ਐਸੇ ਕੈਂਸਰ ਮਰੀਜ਼ ਨਾਲ ਸੰਪਰਕ ਕਰਨਾ ਚਾਹੋਗੇ ਜਿਸ ਦਾ ਤੁਹਾਡੇ ਵਰਗਾ ਹੀ ਕੈਂਸਰ ਦਾ ਅਨੁਭਵ ਸੀ?**
- **ਕੀ ਤੁਸੀਂ ਇਸ ਬਾਰੇ ਸੋਚ ਰਹੇ ਹੋ ਕਿ ਤੁਹਾਨੂੰ ਅਤੇ ਤੁਹਾਡੇ ਪਰਵਾਰ ਦੀ ਮਦਦ ਲਈ ਕਿਸ ਕਿਸਮ ਦੀਆਂ ਸੇਵਾਵਾਂ ਉਪਲਬਧ ਹਨ?** ਜਿਵੇਂ ਕਿ ਮਾਲੀ ਇਮਦਾਦ, ਕੰਮ ਤੋਂ ਛੁੱਟੀ ਅਤੇ ਵਾਪਸ ਆਉਣਾ, ਇਲਾਜ ਨਾਲ ਕਿਵੇਂ ਨਜਿੱਠਣਾ ਹੈ, ਨੀਂਦ, ਪੌਸ਼ਟਿਕ ਖ਼ੁਰਾਕ
- **ਕੀ ਤੁਸੀਂ ਆਪਣੇ ਭਾਈਚਾਰੇ ਵਿੱਚ ਹੌਸਲਾ ਅਫ਼ਜ਼ਾਈ/ਮਦਦ ਕਰਨ ਵਾਲੇ ਗਰੁੱਪ ਲੱਭ ਰਹੇ ਹੋ?**

ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਕਈ ਸਰੋਤ ਮੁਫ਼ਤ ਉਪਲਬਧ ਹਨ।

ਭਾਵਾਤਮਿਕ ਮਦਦ ਦੇ ਸਰੋਤਾਂ ਦੀ ਜਾਣਕਾਰੀ ਲਈ ਕਿਰਪਾ ਕਰ ਕੇ ਇਸ ਲਿੰਕ ਤੇ ਦੇਖੋ www.bccancer. bc.ca/ emotional-support ਜਾਂ ਤੁਹਾਡੀ ਸਿਹਤ ਦੇਖਭਾਲ ਟੀਮ ਦੇ ਮੈਂਬਰ ਨਾਲ ਗੱਲ ਕਰੋ।




# ਭਾਸ਼ਾ ਸੇਵਾਵਾਂ
# Language services

ਜੇ ਅੰਗਰੇਜ਼ੀ ਤੁਹਾਡੀ ਮਾਂ ਬੋਲੀ ਨਹੀਂ ਅਤੇ ਤੁਸੀਂ ਸਾਡੀਆਂ ਉਲਥਾ ਕਰਨ ਦੀਆਂ ਸੇਵਾਵਾਂ ਦੀ ਵਰਤੋਂ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰ ਕੇ ਸਿਹਤ ਸੰਭਾਲ ਕਰਨ ਵਾਲੇ ਨੂੰ ਦੱਸੋ। ਆਹਮੋ-ਸਾਹਮਣੇ ਅਤੇ ਵਰਚੂਅਲ ਤੌਰ 'ਤੇ ਅਨੇਕਾਂ ਭਾਸ਼ਾਵਾਂ ਵਾਲੇ ਦੁਭਾਸ਼ੀਏ ਮੌਜੂਦ ਹਨ। ਤੁਹਾਡੀਆਂ ਅਪੌਇੰਟਮੈਂਟਾਂ ਤੋਂ ਪਹਿਲਾਂ ਦੁਭਾਸ਼ੀਏ ਦਾ ਪ੍ਰਬੰਧ ਕਰਨ ਦੀ ਲੋੜ ਹੋਵੇਗੀ।

# ਦੇਖ ਭਾਲ ਦੀ ਅਗੇਤਰੀ ਯੋਜਨਾ
# Advanced care planning

ਦੇਖ ਭਾਲ ਦੀ ਅਗੇਤਰੀ ਯੋਜਨਾ ਮੋਟੇ ਤੌਰ ਤੇ ਵਿਅਕਤੀਗਤ ਯੋਜਨਾ ਦਾ ਹੀ ਹਿੱਸਾ ਹੈ। ਵਿਅਕਤੀਗਤ ਪਲੈਨਿੰਗ ਵਿੱਚ ਕਈ ਵਿਸ਼ੇ ਸ਼ਾਮਲ ਕੀਤੇ ਹੁੰਦੇ ਹਨ ਪਰ ਦੇਖ ਭਾਲ ਦੀ ਅਗੇਤਰੀ ਯੋਜਨਾ ਖ਼ਾਸ ਤੌਰ ਤੇ ਸਿਹਤ ਦੇਖਭਾਲ ਬਾਰੇ ਲਏ ਫ਼ੈਸਲਿਆਂ ਨਾਲ ਸਬੰਧਿਤ ਹੁੰਦੀ ਹੈ।

ਦੇਖ ਭਾਲ ਦੀ ਅਗੇਤਰੀ ਯੋਜਨਾ (ਏ.ਸੀ.ਪੀ.) ਤੁਹਾਡੇ ਅਤੇ ਤੁਹਾਡੇ ਪਰਵਾਰ ਲਈ ਭਵਿੱਖ ਵਿੱਚ ਸਿਹਤ ਸੰਭਾਲ ਦੇ ਫ਼ੈਸਲੇ ਲੈਣ ਲਈ ਤਿਆਰ ਹੋਣ ਦਾ ਇੱਕ ਵਸੀਲਾ ਹੈ। ਇਸ ਵਿੱਚ ਸਿਹਤ ਅਤੇ ਵਿਅਕਤੀਗਤ ਸੰਭਾਲ ਸਬੰਧੀ ਤੁਹਾਡੀਆਂ ਕਦਰਾਂ ਕੀਮਤਾਂ, ਤੁਹਾਡੇ ਵਿਸ਼ਵਾਸ ਅਤੇ ਤੁਹਾਡੀਆਂ ਇੱਛਾਵਾਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਤੁਹਾਡੇ ਨਜ਼ਦੀਕੀ ਅਤੇ ਸਿਹਤ ਸੰਭਾਲ ਕਰਨ ਵਾਲਿਆਂ ਨਾਲ ਸਾਂਝੀਆਂ ਕਰਨਾ ਸ਼ਾਮਲ ਹੁੰਦਾ ਹੈ। ਇਸ ਵਿੱਚ ਇਹ ਵੀ ਸ਼ਾਮਲ ਹੁੰਦਾ ਹੈ ਕਿ ਜੇ ਕਰ ਤੁਸੀਂ ਫ਼ੈਸਲਾ ਨਹੀਂ ਕਰ ਸਕਦੇ ਤਾਂ ਤੁਹਾਡੇ ਲਈ ਸਿਹਤ ਦੇਖਭਾਲ ਦਾ ਫ਼ੈਸਲਾ ਕੌਣ ਕਰੇਗਾ। ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਇਲਾਜ ਅਤੇ ਦੇਖ ਭਾਲ ਸਬੰਧੀ ਗਲ ਬਾਤ ਕਰਦਿਆਂ ਇਸ ਜਾਣਕਾਰੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕਿ ਤੁਹਾਡੀ ਦੇਖ ਭਾਲ ਕਰਨ ਵਿੱਚ ਢੁੱਕਵੀਂ ਮਦਦ ਮਿਲ ਸਕੇ।

ਕਿਰਪਾ ਕਰ ਕੇ ਹੇਠ ਲਿਖੇ ਸਰੋਤ ਦੇਖੋ ਜੋ ਉਪਲਬਧ ਹਨ:

**ਬੀ.ਸੀ. ਕੈਂਸਰ ਵੈੱਬਸਾਈਟ** www.bccancer.bc.ca:
ਇਸ ਵੈੱਬਸਾਈਟ ਤੇ ਉਪਲਬਧ ਸਰੋਤਾਂ ਨੂੰ "advance care planning" ਥੱਲੇ ਲੱਭਿਆ ਜਾ ਸਕਦਾ ਹੈ।

**ਬੀ.ਸੀ. ਕੈਂਸਰ ਪੇਸ਼ੈਂਟ ਅਤੇ ਫੈਮਲੀ ਕਾਊਂਸਲਿੰਗ ਪ੍ਰੋਗਰਾਮ** ਕੈਂਸਰ ਦੇ ਮਰੀਜ਼ਾਂ ਅਤੇ ਪਰਵਾਰਾਂ ਨੂੰ ਸਲਾਹ ਮਸ਼ਵਰਾ ਦੇਣ ਦੀਆਂ ਸੇਵਾਵਾਂ ਪੇਸ਼ ਕਰਦਾ ਹੈ। ਵਧੇਰੇ ਜਾਣਕਾਰੀ ਲਈ www.bccancer.bc.ca ਦੇਖੋ।

**ਬੀ.ਸੀ. ਕੈਂਸਰ ਪੇਨ ਅਤੇ ਸਿੰਪਟਮ ਮੈਨੇਜਮੈਂਟ ਪ੍ਰੋਗਰਾਮ** ਦਰਦ ਨੂੰ ਕਾਬੂ ਕਰਨ ਵਿੱਚ ਸੁਧਾਰ ਅਤੇ ਕੈਂਸਰ ਨਾਲ ਸੰਬੰਧਤ ਸਰੀਰਕ ਸਮੱਸਿਆਵਾਂ (ਜਿਵੇਂ ਕਿ ਥਕੇਵਾਂ) ਨਾਲ ਨਜਿੱਠਣ ਵਿੱਚ ਮਦਦ ਕਰ ਸਕਦਾ ਹੈ। ਸਾਡਾ ਪ੍ਰੋਗਰਾਮ ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਕੈਂਸਰ ਕਾਰਨ ਹੋਣ ਵਾਲੀਆਂ ਭਾਵਾਤਮਿਕ ਅਤੇ ਭਾਈਚਾਰਕ ਚਿੰਤਾਵਾਂ ਵਿੱਚ ਮਦਦ ਪੇਸ਼ ਕਰਦਾ ਹੈ ਅਤੇ ਸਿਹਤ ਵਿੱਚ ਤਬਦੀਲੀ ਦੇ ਸਮੇਂ ਦੇਖ ਭਾਲ ਦੀ ਪਲੈਨਿੰਗ ਅਤੇ ਫ਼ੈਸਲਾ ਕਰਨ ਵਿੱਚ ਸਹਾਇਤਾ ਕਰਦਾ ਹੈ। ਵਧੇਰੇ ਜਾਣਕਾਰੀ ਲਈ bccancer.bc.ca/psm 'ਤੇ ਜਾਓ।

**ਬੀ.ਸੀ. ਸੈਂਟਰ ਫ਼ਾਰ ਪੈਲਿਏਟਿਵ ਕੇਅਰ** ਵਧੀਆ ਕਾਰਜਨੀਤੀਆਂ, ਖੋਜ, ਅਤੇ ਅਗੇਤਰੀ ਦੇਖ ਭਾਲ ਦੀ ਪਲੈਨਿੰਗ ਸੰਬੰਧੀ ਸਿੱਖਿਆ, ਗੰਭੀਰ ਬਿਮਾਰੀ ਬਾਰੇ ਗਲ ਬਾਤ, ਦੇਖ ਭਾਲ ਦੇ ਨਾਲ ਦਰਦਨਾਸ਼ਕ ਪਹੁੰਚ ਦਾ ਸੁਮੇਲ ਅਤੇ ਹਮਦਰਦੀਪੂਰਣ ਭਾਈਚਾਰੇ ਦੇ ਨਿਰਮਾਣ ਕਰਨ ਵਿੱਚ ਮੋਹਰੀ ਹੁੰਦਾ ਹੈ।

ਹੋਰ ਜਾਣਕਾਰੀ ਸਮੇਤ ਅਗੇਤਰੀ ਦੇਖ ਭਾਲ, ਹੋਰ ਸਰੋਤਾਂ ਅਤੇ ਸੂਬੇ ਵਿੱਚ ਹੋ ਰਹੇ ਈਵੈਂਟਾਂ ਬਾਰੇ ਵਧੇਰੇ ਜਾਣਕਾਰੀ ਲਈ www.bc-cpc.ca/acp ਦੇਖੋ।

**ਨਿਡਸ ਪਰਸਨਲ ਪਲੈਨਿੰਗ ਰਿਸੋਰਸ ਸੈਂਟਰ ਅਤੇ ਰਜਿਸਟਰੀ** ਇਹ ਇੱਕ ਲਾਭ ਰਹਿਤ, ਦਾਨ ਪੁੰਨ ਵਾਲੀ ਸੰਸਥਾ ਹੈ ਜੋ ਨਿਜੀ ਯੋਜਨਾਬੰਦੀ ਦਾ ਕੇਂਦਰ ਅਤੇ ਰਜਿਸਟਰੀ ਹੈ। ਹੋਰ ਜ਼ਿਆਦਾ ਜਾਣਕਾਰੀ ਲਈ www.nidus.ca ਦੇਖੋ।

# ਆਪਣੀ ਦੇਖ ਭਾਲ ਵਿੱਚ ਤੁਹਾਡੀ ਭੂਮਿਕਾ–ਮਰੀਜ਼ ਦੀ ਸੁਰੱਖਿਆ

## Your role in your care – patient safety

ਅਸੀਂ ਚਾਹੁੰਦੇ ਹਾਂ ਕਿ ਬੀ.ਸੀ. ਕੈਂਸਰ ਵਿੱਚ ਅਪੌਇੰਟਮੈਂਟ, ਇਲਾਜ ਜਾਂ ਪ੍ਰੋਸੀਜਰ ਦੌਰਾਨ ਤੁਸੀਂ ਸੁਰੱਖਿਅਤ ਰਹੋ। ਮਰੀਜ਼ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਲਈ ਸੁਰੱਖਿਆ ਦੀਆਂ ਖ਼ਾਸ ਕਾਰਵਾਈਆਂ ਹਨ ਜਿਨ੍ਹਾਂ ਦੀ ਬੀ.ਸੀ. ਕੈਂਸਰ ਦੇ ਸਾਰੇ ਕਰਮਚਾਰੀ ਪਾਲਨਾ ਕਰਨਗੇ। ਹੇਠਾਂ ਸੁਰੱਖਿਆ ਦੇ ਕੁੱਝ ਵਿਸ਼ੇ ਹਨ ਜਿਨ੍ਹਾਂ ਬਾਰੇ ਤੁਹਾਡਾ ਸੁਚੇਤ ਹੋਣਾ ਇਹ ਸੁਨਿਸ਼ਚਿਤ ਕਰੇਗਾ ਕਿ ਬੀ.ਸੀ. ਕੈਂਸਰ ਦਾ ਮਾਹੌਲ ਤੁਹਾਡੇ ਲਈ ਸੁਰੱਖਿਅਤ ਹੈ:

- ਦਵਾਈਆਂ ਦੀ ਸੁਰੱਖਿਆ
- ਮੈਡੀਕਲ ਪ੍ਰੋਸੀਜਰ ਅਤੇ ਟ੍ਰੀਟਮੈਂਟ
- ਇੰਟਰਵੀਨਸ ਥੈਰੇਪੀ
- ਇਨਫ਼ੈਕਸ਼ਨ ਕੰਟਰੋਲ ਅਤੇ ਹੱਥਾਂ ਦੀ ਸਵੱਛਤਾ
- ਮਰੀਜ਼ ਦਾ ਡਿੱਗਣ ਤੋਂ ਬਚਾਅ ਅਤੇ ਚੱਲਣ ਫਿਰਨ ਵਿੱਚ ਸਹਾਇਤਾ
- ਪ੍ਰੈਸ਼ਰ ਇੰਜਰੀ ਪ੍ਰੀਵੈਨਸ਼ਨ (ਪ੍ਰੈਸ਼ਰ ਅਲਸਰ)
- ਐਮਰਜੈਂਸੀ ਲਈ ਤਿਆਰੀ
- ਬੀ.ਸੀ. ਕੈਂਸਰ ਮਰੀਜ਼ਾਂ ਦੀਆਂ ਅਪੌਇੰਟਮੈਂਟਾਂ
- ਮਰੀਜ਼ ਦੇ ਰਿਕਾਰਡ ਤੱਕ ਪਹੁੰਚ
- ਦੇਖ ਭਾਲ ਦੀ ਕੁਆਲਿਟੀ ਦੇ ਸੁਧਾਰ ਲਈ ਮਰੀਜ਼ ਦੀ ਭੂਮਿਕਾ

ਮਰੀਜ਼ ਦੀ ਸੁਰੱਖਿਆ ਦੇ ਇਨ੍ਹਾਂ ਵਿਸ਼ਿਆਂ ਦਾ ਵੇਰਵਾ ਇਸ ਕਿਤਾਬਚੇ ਦੇ ਅਗਲੇ ਪੰਨਿਆਂ ਤੇ ਦਿੱਤਾ ਗਿਆ ਹੈ।

ਅਸੀਂ ਸਮਝਦੇ ਹਾਂ ਕਿ ਤੁਹਾਡੇ ਕੁੱਝ ਸੁਆਲ ਜਾਂ ਚਿੰਤਾਵਾਂ ਹੋਣਗੀਆਂ। ਕਿਰਪਾ ਕਰ ਕੇ ਬੀ.ਸੀ. ਕੈਂਸਰ ਦੇ ਆਪਣੇ ਕਿਸੇ ਵੀ ਸਿਹਤ ਸੰਭਾਲ ਕਰਨ ਵਾਲੇ ਨੂੰ ਕਹੋ ਕਿ ਉਹ ਇਨ੍ਹਾਂ ਵਿਸ਼ਿਆਂ ਤੇ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰੇ। ਅਸੀਂ ਬੀ.ਸੀ. ਕੈਂਸਰ ਵਿਖੇ ਤੁਹਾਡੀ ਸੁਰੱਖਿਆ ਸੁਨਿਸ਼ਚਿਤ ਕਰਨੀ ਚਾਹੁੰਦੇ ਹਾਂ।

# ਮਰੀਜ਼ ਦੀ ਪਹਿਚਾਣ
# Patient identification

ਸਾਡੇ ਲਈ ਇਹ ਸੁਨਿਸ਼ਚਿਤ ਕਰਨਾ ਬੜਾ ਮਹੱਤਵਪੂਰਨ ਹੈ ਕਿ ਅਸੀਂ ਸਹੀ ਮਰੀਜ਼ ਨੂੰ ਉਚਿੱਤ ਦੇਖ ਭਾਲ ਪ੍ਰਦਾਨ ਕਰ ਰਹੇ ਹਾਂ। ਸਾਰੀਆਂ ਅਪੌਇੰਟਮੈਂਟਾਂ ਅਤੇ ਇਲਾਜ ਕਰਵਾਉਣ, ਪ੍ਰੋਸੀਜਰ ਜਾਂ ਦਵਾਈਆਂ ਲੈਣ ਤੋਂ ਪਹਿਲਾਂ ਮਰੀਜ਼ ਦੀ ਪਹਿਚਾਣ ਸੁਨਿਸ਼ਚਿਤ ਕਰਨ ਲਈ ਅਸੀਂ ਤੁਹਾਨੂੰ ਕੁੱਝ ਖ਼ਾਸ ਸੁਆਲ ਪੁੱਛਦੇ ਹਾਂ। ਤੁਹਾਡਾ ਪੂਰਾ ਨਾਮ ਪੁੱਛਿਆ ਜਾਏਗਾ ਅਤੇ ਸ਼ਨਾਖਤ ਲਈ ਇੱਕ ਹੋਰ ਪਹਿਚਾਣ ਸੁਆਲ ਪੁੱਛਿਆ ਜਾਏਗਾ ਜਿਸ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਜਨਮ ਤਾਰੀਖ਼
- ਬੀ.ਸੀ. ਕੈਂਸਰ ਦਾ ਅਪੌਇੰਟਮੈਂਟ ਲਈ ਕਾਰਡ
- ਸਰਕਾਰੀ ਪਹਿਚਾਣ ਪੱਤਰ
  (ਜਿਵੇਂ ਕਿ ਪਾਸਪੋਰਟ, ਡਰਾਈਵਰ ਲਾਇਸੈਂਸ, ਬੀ.ਸੀ. ਸਰਵਿਸਿਜ਼ ਕਾਰਡ)
- ਬੀ.ਸੀ. ਕੈਂਸਰ ਦੇ ਕੁੱਝ ਪ੍ਰੋਗਰਾਮ ਮਰੀਜ਼ ਦੀ ਫ਼ੋਟੋ ਦੀ ਵਰਤੋਂ ਕਰਦੇ ਹਨ

ਵੈਨਕੂਵਰ ਸੈਂਟਰ ਵਿਖੇ ਟ੍ਰੀਟਮੈਂਟ ਲਈ ਦਵਾਈ ਜਾਂ ਪ੍ਰੋਸੀਜਰ ਕਰਵਾਉਣ ਵਾਲੇ ਸਾਰੇ ਮਰੀਜ਼ਾਂ ਨੂੰ ਬਾਂਹ ’ਤੇ ਬੰਨ੍ਹਣ ਲਈ ਇੱਕ ਬੈਂਡ ਦਿੱਤਾ ਜਾਵੇਗਾ। ਬਾਂਹ ’ਤੇ ਬੰਨ੍ਹੇ ਜਾਣ ਵਾਲੇ ਇਸ ਬੈਂਡ ਦਾ ਮਕਸਦ “ਬੰਦ ਘੇਰੇ ਵਿੱਚ ਦਵਾਈ ਦਾ ਪ੍ਰਬੰਧਨ ਕਰਨਾ” ਹੈ। ਤੁਹਾਨੂੰ ਦਵਾਈ ਦਿੱਤੇ ਜਾਣ ਤੋਂ ਪਹਿਲਾਂ ਦੇਖਭਾਲ ਟੀਮ ਦਾ ਇੱਕ ਮੈਂਬਰ ਤੁਹਾਡੇ ਬਾਂਹ ਵਾਲੇ ਬੈਂਡ ਨੂੰ ਸਕੈਨ ਕਰੇਗਾ। ਫਿਰ ਉਹ ਤੁਹਾਡੀ ਦਵਾਈ ਨੂੰ ਸਕੈਨ ਕਰਨਗੇ। ਦੋਵਾਂ ਲੇਬਲਾਂ ਦਾ ਆਪਸ ਵਿੱਚ ਮੇਲ ਖਾਣਾ ਜ਼ਰੂਰੀ ਹੈ। ਇਹ ਸੁਰੱਖਿਆ ਦੀ ਇੱਕ ਵਾਧੂ ਪਰਤ ਹੈ। ਤੁਹਾਨੂੰ ਇਨਪੇਸ਼ੈਂਟ ਏਰੀਆ ਵਿੱਚ, ਔਪਰੇਟਿੰਗ ਰੂਮ ਵਿੱਚ, ਮੈਡੀਕਲ ਡੇਅਕੇਅਰ ਵਿੱਚ ਜਾਂ ਕੀਮੋਥੈਰੇਪੀ ਯੂਨਿਟ ਵਿੱਚ ਬਾਂਹ ’ਤੇ ਬੰਨ੍ਹਣ ਵਾਲਾ ਬੈਂਡ ਮਿਲੇਗਾ।

ਜਦੋਂ ਤੁਸੀਂ ਬੀ.ਸੀ. ਕੈਂਸਰ ਵਿੱਚ ਅਪੌਇੰਟਮੈਂਟ ਜਾਂ ਇਲਾਜ ਜਾਂ ਪ੍ਰੋਸੀਜਰ ਲਈ ਆਉਂਦੇ ਹੋ ਤਾਂ ਸਾਰੇ ਸਿਹਤ ਸੰਭਾਲ ਪ੍ਰਦਾਤਾ ਅਤੇ ਸਟਾਫ਼ ਤੁਹਾਨੂੰ ਆਪਣੀ ਜਾਣ ਪਹਿਚਾਣ ਕਰਵਾਉਣਗੇ। ਕਿਰਪਾ ਕਰ ਕੇ ਸਾਨੂੰ ਪੁੱਛੋ ਕਿ ਤੁਸੀਂ ਕੌਣ ਹੋ ਅਤੇ ਮੇਰੀ ਦੇਖ ਭਾਲ ਵਿੱਚ ਤੁਹਾਡੀ ਕੀ ਭੂਮਿਕਾ ਹੈ। ਇਹ ਜਾਣਨਾ ਤੁਹਾਡਾ ਹੱਕ ਬਣਦਾ ਹੈ ਕਿ ਤੁਹਾਡੀ ਦੇਖ ਭਾਲ ਕੌਣ ਕਰ ਰਿਹਾ ਹੈ।

# ਦਵਾਈ ਦੀ ਸੁਰੱਖਿਆ
# Medication safety

## ਇਹ ਸੁਨਿਸ਼ਚਿਤ ਕਰੋ ਕਿ ਤੁਹਾਡੀ ਦੇਖ ਭਾਲ ਕਰਨ ਵਾਲਿਆਂ ਨੂੰ ਇਹ ਪਤਾ ਹੈ ਕਿ ਤੁਸੀਂ ਕਿਹੜੀਆਂ ਦਵਾਈਆਂ ਲੈ ਰਹੇ ਹੋ।

MAKE SURE THAT YOUR CARE PROVIDERS KNOW ABOUT ALL OF THE MEDICINE YOU ARE TAKING

ਬੀ.ਸੀ. ਕੈਂਸਰ ਦੇ ਸਿਹਤ ਸੰਭਾਲ ਕਰਨ ਵਾਲੇ ਫਰਮਾਨੈੱਟ (ਇਹ ਇੱਕ ਸਿਸਟਮ ਹੈ ਜਿਸ ਵਿੱਚ ਤੁਹਾਡੇ ਭਾਈਚਾਰੇ ਅੰਦਰ ਹੋਰ ਸਿਹਤ ਸੰਭਾਲ ਕਰਨ ਵਾਲਿਆਂ ਵੱਲੋਂ ਤੁਹਾਡੇ ਲਈ ਨਿਸ਼ਚਿਤ ਕੀਤੀਆਂ ਦਵਾਈਆਂ ਦਾ ਰਿਕਾਰਡ ਹੁੰਦਾ ਹੈ) ਤੋਂ ਤੁਹਾਡੀ ਦਵਾਈਆਂ ਦੀ ਲਿਸਟ ਦੇਖ ਲੈਣਗੇ। ਇਹ ਸੁਨਿਸ਼ਚਿਤ ਕਰਨ ਲਈ ਕਿ ਤੁਸੀਂ ਘਰ ਵਿੱਚ ਜੋ ਦਵਾਈਆਂ ਲੈ ਰਹੇ ਹੋ ਸਾਡੇ ਕੋਲ ਉਸ ਦੀ ਲੇਟੈਸਟ ਲਿਸਟ ਹੈ, ਤੁਹਾਡੀ ਸਿਹਤ ਸੰਭਾਲ ਟੀਮ ਤੁਹਾਡੇ  ਨਾਲ ਇਸ ਲਿਸਟ ਦੀ ਸਮੀਖਿਆ ਕਰੇਗੀ।

ਤੁਹਾਡੀ ਸਿਹਤ ਸੰਭਾਲ ਟੀਮ ਵੱਲੋਂ ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਘਰ ਕੋਈ ਹੋਰ ਦਵਾਈ ਵੀ ਲੈ ਰਹੇ ਹੋ। ਇਸ ਵਿੱਚ ਸ਼ਾਮਲ ਹਨ:

- ਕਾਊਂਟਰ ਤੇ ਮਿਲਣ ਵਾਲੀਆਂ ਦਵਾਈਆਂ (ਜੋ ਡਾਕਟਰ ਦੀ ਪਰਚੀ ਤੋਂ ਬਿਨਾਂ ਮਿਲ ਸਕਦੀਆਂ ਹਨ)
- ਖ਼ੁਰਾਕ ਦੇ ਸੰਪੂਰਕ ਜਿਵੇਂ ਕਿ ਵਿਟਾਮਿਨਜ਼ ਅਤੇ ਜੜੀਆਂ ਬੂਟੀਆਂ
- ਸਹਾਇਕ ਜਾਂ ਨੇਚੁਰੋਪੈਥਿਕ ਦਵਾਈਆਂ

ਤੁਹਾਡੀ ਸੁਰੱਖਿਆ ਲਈ ਇਹ ਬੜਾ ਜ਼ਰੂਰੀ ਹੈ ਕਿ ਤੁਸੀਂ ਇਹ ਜਾਣਕਾਰੀ ਸਾਡੇ ਨਾਲ ਸਾਂਝੀ ਕਰੋ। ਕੁੱਝ ਦਵਾਈਆਂ ਅਤੇ ਸੰਪੂਰਕ ਜੋ ਤੁਸੀਂ ਘਰ ਲੈਂਦੇ ਹੋ ਉਹ ਬੀ.ਸੀ. ਕੈਂਸਰ ਵੱਲੋਂ ਦਿੱਤੀਆਂ ਦਵਾਈਆਂ ਨਾਲ ਪ੍ਰਤੀਕ੍ਰਿਆ ਕਰ ਸਕਦੇ ਹਨ ਜਾਂ ਉਨ੍ਹਾਂ ਦੇ ਪ੍ਰਭਾਵ ਤੇ ਅਸਰ ਪਾ ਸਕਦੇ ਹਨ। ਕਿਰਪਾ ਕਰ ਕੇ ਐਸੀਆਂ ਸਾਰੀਆਂ ਦਵਾਈਆਂ ਜੋ ਤੁਸੀਂ ਘਰ ਖਾਂਦੇ ਹੋ, ਕਿੰਨੀ ਮਿਕਦਾਰ ਵਿੱਚ ਖਾਂਦੇ ਹੋ ਅਤੇ ਦਿਨ ਵਿੱਚ ਕਿੰਨੀ ਵਾਰ ਖਾਂਦੇ ਹੋ ਦੀ ਲਿਸਟ ਨਾਲ ਲੈ ਕੇ ਆਓ। ਜੇ ਐਸਾ ਕਰਨਾ ਤੁਹਾਡੇ ਲਈ ਔਖਾ ਹੈ ਤਾਂ ਸਾਰੀਆਂ ਦਵਾਈਆਂ ਦੀਆਂ ਬੋਤਲਾਂ ਨਾਲ ਲੈ ਕੇ ਆਓ।

## ਦਵਾਈਆਂ ਤੋਂ ਐਲਰਜੀ ਜਾਂ ਪ੍ਰਤੀਕ੍ਰਿਆ

MEDICATION ALLERGY OR REACTION

ਕਿਰਪਾ ਕਰ ਕੇ ਆਪਣੇ ਡਾਕਟਰ ਅਤੇ ਸਿਹਤ ਸੰਭਾਲ ਕਰਨ ਵਾਲੀ ਟੀਮ ਦੇ ਮੈਂਬਰਾਂ ਨੂੰ ਦੱਸੋ ਕਿ ਤੁਹਾਨੂੰ ਕਿਹੜੀਆਂ ਦਵਾਈਆਂ ਜਾਂ ਖਾਣਿਆਂ ਤੋਂ ਐਲਰਜੀ ਜਾਂ ਪ੍ਰਤੀਕ੍ਰਿਆ ਹੈ। ਇਸ ਤਰ੍ਹਾਂ ਤੁਹਾਨੂੰ ਉਹ ਦਵਾਈਆਂ ਨਹੀਂ ਮਿਲਣਗੀਆਂ ਜਿਨ੍ਹਾਂ ਤੋਂ ਤੁਹਾਨੂੰ ਐਲਰਜੀ ਹੈ।

ਜਦੋਂ ਨਵੀਂ ਦਵਾਈ ਨਿਯਤ ਕੀਤੀ ਜਾਂਦੀ ਹੈ ਤਾਂ ਡਾਕਟਰ ਨੂੰ ਪੁੱਛੋ ਕਿ ਇਹ ਦਵਾਈ ਉਨ੍ਹਾਂ ਦਵਾਈਆਂ ਵਰਗੀ ਜਾਂ ਉਸ 'ਕਿਸਮ ਦੀ' ਤਾਂ ਨਹੀਂ ਜਿਨ੍ਹਾਂ ਤੋਂ ਤੁਹਾਨੂੰ ਐਲਰਜੀ ਹੈ। ਕਈ ਵੱਖਰੇ ਵੱਖਰੇ ਨਾਮ ਵਾਲੀਆਂ

ਦਵਾਈਆਂ ਵਿੱਚ ਵੀ ਐਸੇ ਤੱਤ ਹੋ ਸਕਦੇ ਹਨ ਜਿਨ੍ਹਾਂ ਤੋਂ ਤੁਹਾਨੂੰ ਐਲਰਜੀ ਜਾਂ ਪ੍ਰਤੀਕ੍ਰਿਆ ਹੈ।

ਐਲਰਜੀਆਂ ਦਾ ਰਿਕਾਰਡ ਦਵਾਈਆਂ ਵਾਲੇ ਚਾਰਟ ਤੇ ਰੱਖੋ ਅਤੇ ਸਾਰੇ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਸਾਂਝਾ ਕਰੋ।

## ਦਵਾਈਆਂ ਦਾ ਰਿਕਾਰਡ

RECORD OF MEDICATIONS

ਤੁਸੀਂ ਜਿਹੜੀਆਂ ਦਵਾਈਆਂ ਲੈ ਰਹੇ ਹੋ ਉਨ੍ਹਾਂ ਸਾਰੀਆਂ ਦਾ ਰਿਕਾਰਡ ਰੱਖੋ। ਕਈ ਫਾਰਮੇਸੀਆਂ ਤੁਹਾਡੀ ਵਰਤੋਂ ਲਈ ਦਵਾਈਆਂ ਦਾ ਚਾਰਟ ਦੇਣਗੀਆਂ। ਜੇ ਤੁਹਾਡੇ ਕੋਲ ਕੋਈ ਚਾਰਟ ਨਹੀਂ ਤਾਂ ਇਸ ਕਿਤਾਬਚੇ ਦੇ ਪਿੱਛੇ ਦਿੱਤੇ ਚਾਰਟ ਨੂੰ ਵਰਤੋ ਅਤੇ ਹੇਠ ਲਿਖੀ ਜਾਣਕਾਰੀ ਉਸ ਵਿੱਚ ਭਰੋ:

| | |
|---|---|
| **ਦਵਾਈ ਦਾ ਨਾਮ** | ਦਵਾਈ ਦੇ ਅਕਸਰ ਦੋ ਨਾਮ ਹੁੰਦੇ ਹਨ (ਸਾਧਾਰਨ ਅਤੇ ਬ੍ਰੈਂਡ ਨਾਮ) ਦੋਵੇਂ ਨਾਮ ਲਿਖੋ। ਇਹ ਜਾਣਕਾਰੀ ਦਵਾਈ ਦੇ ਪੈਕਟ (ਬੋਤਲ ਜਾਂ ਡੱਬਾ) ਤੋਂ ਜਾਂ ਦਵਾਈ ਦੇ ਨਾਲ ਆਉਣ ਵਾਲੀ ਜਾਣਕਾਰੀ ਵਾਲੀ ਸ਼ੀਟ ਤੋਂ ਮਿਲ ਸਕਦੀ ਹੈ। |
| **ਦਵਾਈ ਸ਼ੁਰੂ ਕਰਨ ਦੀ ਤਾਰੀਖ਼** | ਜਿਸ ਦਿਨ ਇਹ ਦਵਾਈ ਲੈਣੀ ਸ਼ੁਰੂ ਕਰੋ ਉਹ ਤਾਰੀਖ਼ ਲਿਖੋ। |
| **ਮਾਤਰਾ/ਕਿੰਨੀ ਵਾਰ** | ਦਵਾਈ ਬਾਰੇ ਰਿਕਾਰਡ ਕਰੋ:<br>• ਖ਼ੁਰਾਕ – ਦਵਾਈ ਕਿੰਨੀ ਲੈਣੀ ਹੈ।(ਲੇਬਲ ਤੇ ਦਿੱਤੇ ਨਿਰਦੇਸ਼ ਪੜ੍ਹੋ)<br>• ਦਵਾਈ ਦਿਨ ਵਿੱਚ ਕਿੰਨੀ ਵਾਰ ਲੈਣੀ ਹੈ। |
| **ਦਵਾਈ ਬੰਦ ਕਰਨ ਦੀ ਤਾਰੀਖ਼** | ਜਿਸ ਦਿਨ ਦਵਾਈ ਲੈਣੀ ਬੰਦ ਕੀਤੀ ਉਹ ਤਾਰੀਖ਼ ਲਿਖੋ |
| **ਦਵਾਈਆਂ ਤੋਂ ਐਲਰਜੀ** | ਉਨ੍ਹਾਂ ਸਾਰੀਆਂ ਦਵਾਈਆਂ ਦਾ ਰਿਕਾਰਡ ਰੱਖੋ ਜਿਨ੍ਹਾਂ ਤੋਂ ਤੁਹਾਨੂੰ ਐਲਰਜੀ ਹੈ ਜਾਂ ਲੈਣੀਆਂ ਮਨ੍ਹਾ ਹਨ। |

ਇਹ ਚਾਰਟ ਹਮੇਸ਼ਾ ਆਪਣੇ ਕੋਲ ਰੱਖੋ। ਇਸ ਨੂੰ ਵੇਖ ਕੇ ਸਾਰੇ ਸਿਹਤ ਸੰਭਾਲ ਪ੍ਰਦਾਤਾਵਾਂ ਲਈ ਆਸਾਨੀ ਹੋ ਜਾਂਦੀ ਹੈ ਕਿ ਤੁਸੀਂ ਕਿਹੜੀਆਂ ਦਵਾਈਆਂ ਲੈ ਰਹੇ ਹੋ।

## ਜਦੋਂ ਡਾਕਟਰ ਤੁਹਾਡੇ ਲਈ ਦਵਾਈ ਲਿਖਦਾ ਹੈ ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਉਸ ਨੂੰ ਪੜ੍ਹ ਸਕਦੇ ਹੋ

WHEN YOUR DOCTOR WRITES YOU A PRESCRIPTION,
MAKE SURE YOU CAN READ IT.

ਜੇ ਤੁਸੀਂ ਡਾਕਟਰ ਦਾ ਲਿਖਿਆ ਨਹੀਂ ਪੜ੍ਹ ਸਕਦੇ ਤਾਂ ਹੋ ਸਕਦਾ ਹੈ ਕਿ ਤੁਹਾਡਾ ਫਾਰਮਾਸਿਸਟ ਵੀ ਨਾ ਪੜ੍ਹ ਸਕੇ। ਡਾਕਟਰ ਨੂੰ ਕਹੋ ਕਿ ਸਾਫ਼ ਅੱਖਰਾਂ ਵਿੱਚ ਲਿਖੇ ਜਾਂ ਪ੍ਰਿੰਟ ਕਰੇ ਤਾਂ ਕਿ ਤੁਸੀਂ ਪੜ੍ਹ ਸਕੋ।

## ਆਪਣੀਆਂ ਦਵਾਈਆਂ ਬਾਰੇ ਜਾਣਕਾਰੀ ਐਸੇ ਤਰੀਕੇ ਲਵੋ ਜੋ ਤੁਸੀਂ ਸਮਝ ਸਕੋ

ASK FOR INFORMATION ABOUT YOUR MEDICATION IN TERMS YOU CAN UNDERSTAND

ਜਦੋਂ ਤੁਹਾਡੇ ਡਾਕਟਰ ਵੱਲੋਂ ਦਵਾਈ ਨਿਯਤ ਕੀਤੀ ਜਾਂਦੀ ਹੈ ਤਾਂ ਹੇਠ ਲਿਖੇ ਸੁਆਲ ਪੁੱਛੋ। ਫਾਰਮੇਸੀ ਤੋਂ ਦਵਾਈ ਲੈਣ ਸਮੇਂ ਇਹ ਸੁਆਲ ਦੁਹਰਾਓ:

| | |
|---|---|
| **1. ਤਬਦੀਲੀ?** | ਕੀ ਕੋਈ ਦਵਾਈ ਨਵੀਂ ਸ਼ੁਰੂ ਕੀਤੀ ਗਈ, ਬੰਦ ਕੀਤੀ ਗਈ ਜਾਂ ਬਦਲੀ ਗਈ ਅਤੇ ਕਿਉਂ? ਨਵੀਂ ਦਵਾਈ ਦਾ ਕੀ ਨਾਮ ਹੈ? |
| **2. ਜਾਰੀ ਰੱਖਣਾ?** | ਮੈਂ ਕਿਹੜੀਆਂ ਦਵਾਈਆਂ ਖਾਣੀਆਂ ਜਾਰੀ ਰੱਖਾਂ ਅਤੇ ਕਿਉਂ? |
| **3. ਉਚਿੱਤ ਵਰਤੋਂ?** | ਮੈਂ ਦਵਾਈ ਕਿਵੇਂ ਲਵਾਂ ਅਤੇ ਕਦੋਂ ਤੱਕ ਲਵਾਂ? ਕੀ ਇਸ ਦਵਾਈ ਦੀ ਖ਼ੁਰਾਕ ਮੇਰੇ ਭਾਰ ਅਨੁਸਾਰ ਠੀਕ ਹੈ? ਹੋਰ ਦਵਾਈਆਂ ਜਾਂ ਖ਼ੁਰਾਕ ਦੇ ਸੰਪੂਰਕ ਜੋ ਮੈਂ ਲੈ ਰਿਹਾ ਹਾਂ ਕੀ ਇਹ ਦਵਾਈ ਉਨ੍ਹਾਂ ਨਾਲ ਲੈਣੀ ਸੁਰੱਖਿਅਤ ਹੈ? ਇਹ ਦਵਾਈਆਂ ਲੈਂਦੇ ਸਮੇਂ ਮੈਂ ਖਾਣ, ਪੀਣ ਵਾਲੇ ਕਿਹੜੇ ਪਦਾਰਥਾਂ ਜਾਂ ਸਰਗਰਮੀਆਂ ਤੋਂ ਪਰਹੇਜ਼ ਕਰਾਂ? |
| **4. ਦੇਖ ਰੇਖ ਕਰਨਾ?** | ਮੈਨੂੰ ਕਿਵੇਂ ਪਤਾ ਲੱਗੇ ਕਿ ਦਵਾਈ ਕੰਮ ਕਰ ਰਹੀ ਹੈ ਅਤੇ ਇਸ ਦੇ ਕੀ ਉਲਟ ਪ੍ਰਭਾਵ ਹਨ ਜਿਨ੍ਹਾਂ ਦੀ ਮੈਂ ਗੌਰ ਕਰਾਂ? ਜੇ ਉਲਟ ਪ੍ਰਭਾਵ ਹੋਣ ਤਾਂ ਮੈਂ ਕੀ ਕਰਾਂ? |
| **5. ਪਿੱਛਾ ਕਰਨਾ/ਫ਼ਾਲੋ ਅੱਪ?** | ਕੀ ਮੈਨੂੰ ਕਿਸੇ ਟੈੱਸਟ ਦੀ ਲੋੜ ਹੈ ਅਤੇ ਕਦੋਂ/ ਮੈਂ ਅਗਲੀ ਅਪੌਇੰਟਮੈਂਟ ਕਿਵੇਂ ਬੁੱਕ ਕਰਾਵਾਂ? |

## ਜਦੋਂ ਤੁਸੀਂ ਫਾਰਮੇਸੀ ਤੋਂ ਆਪਣੀ ਦਵਾਈ ਲਵੋ

WHEN YOU PICK UP YOUR MEDICINE FROM THE PHARMACY

ਦਵਾਈ ਦਾ ਨਾਮ ਅਤੇ ਉਸ ਦੀ ਖ਼ੁਰਾਕ ਫਾਰਮਾਸਿਸਟ ਨਾਲ ਦੁਹਰਾਓ ਤਾਂ ਕਿ ਦੁਬਾਰਾ ਚੈੱਕ ਹੋ ਜਾਏ ਕਿ ਤੁਹਾਨੂੰ ਠੀਕ ਦਵਾਈ ਹੀ ਮਿਲ ਰਹੀ ਹੈ।

ਕਈ ਦਵਾਈਆਂ ਦੇ ਲੇਬਲ ਸਮਝਣੇ ਬਹੁਤ ਔਖੇ ਹੁੰਦੇ ਹਨ। ਮਿਸਾਲ ਲਈ "ਚਾਰ ਖ਼ੁਰਾਕਾਂ ਰੋਜ਼" ਦਾ ਕੀ ਇਹ ਮਤਲਬ ਹੈ ਕਿ ਇਹ ਖ਼ੁਰਾਕਾਂ 6-6 ਘੰਟਿਆਂ ਬਾਅਦ 24 ਘੰਟਿਆਂ ਵਿੱਚ ਲੈਣੀਆਂ ਹਨ ਜਾਂ ਕਿ ਦਿਨ ਵਿੱਚ ਚਾਰ ਖ਼ੁਰਾਕਾਂ ਲੈਣੀਆਂ ਹਨ ਜਾਂ ਖਾਣੇ ਤੋਂ ਪਹਿਲਾਂ ਜਾਂ ਰਾਤੀਂ ਸੌਣ ਲੱਗਿਆਂ ਲੈਣੀਆਂ ਹਨ।

ਜੇ ਦਵਾਈ ਦੇ ਲੇਬਲ ਤੇ ਲਿਖੇ ਨਿਰਦੇਸ਼ਾਂ ਬਾਰੇ ਕੋਈ ਸੁਆਲ ਹੈ ਤਾਂ ਸਪਸ਼ਟੀਕਰਨ ਲਈ ਫਾਰਮਾਸਿਸਟ ਨੂੰ ਪੁੱਛੋ।

## ਦਵਾਈ ਦੇ ਉਲਟ ਪ੍ਰਭਾਵਾਂ ਬਾਰੇ ਲਿਖਤੀ ਜਾਣਕਾਰੀ ਲਵੋ

ASK FOR WRITTEN INFORMATION ABOUT THE SIDE EFFECTS OF MEDICATIONS

ਕੁੱਝ ਦਵਾਈਆਂ ਦੇ ਉਲਟ ਪ੍ਰਭਾਵ ਨਹੀਂ ਹੁੰਦੇ ਪਰ ਕਈਆਂ ਦੇ ਹਲਕੇ ਜਿਹੇ ਅਤੇ ਕਈਆਂ ਦੇ ਗੰਭੀਰ ਉਲਟ ਪ੍ਰਭਾਵ ਹੋ ਸਕਦੇ ਹਨ। ਕੋਈ ਵੀ ਨਵੀਂ ਦਵਾਈ ਜਾਂ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਸਿਹਤ ਸੰਭਾਲ ਪ੍ਰਦਾਤਾ/ ਫਾਰਮਾਸਿਸਟ ਤੋਂ ਉਸ ਦਵਾਈ ਦੇ ਉਲਟ ਪ੍ਰਭਾਵਾਂ ਬਾਰੇ ਜ਼ਰੂਰ ਪਤਾ ਕਰੋ। ਜੇ ਕੋਈ ਸਮੱਸਿਆ ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਇੱਕ ਦਮ ਰਿਪੋਰਟ ਕਰੋ।

## ਜੇ ਦਵਾਈ ਲੈਣ ਤੋਂ ਬਾਅਦ ਤੁਸੀਂ ਠੀਕ ਮਹਿਸੂਸ ਨਹੀਂ ਕਰਦੇ

IF YOU FEEL UNWELL AFTER TAKING A MEDICATION

ਜਦੋਂ ਤੁਸੀਂ ਘਰ ਹੋ ਅਤੇ ਦਵਾਈ ਲੈਣ ਤੋਂ ਬਾਅਦ ਠੀਕ ਮਹਿਸੂਸ ਨਹੀਂ ਕਰਦੇ ਤਾਂ ਫ਼ੌਰੀ ਡਾਕਟਰੀ ਇਮਦਾਦ ਲਈ ਪੇਸ਼ੈਂਟ ਕੇਅਰ ਨਰਸ ਲਾਈਨ ਨੂੰ ਜਾਂ 911 ਨੂੰ ਫੋਨ ਕਰੋ।

## ਬੀ.ਸੀ. ਕੈਂਸਰ ਅੰਦਰ ਦਵਾਈ ਲੈਣਾ

RECEIVING MEDICATION WITHIN BC CANCER

ਜੇ ਕਰ ਤੁਸੀਂ ਬੀ.ਸੀ. ਕੈਂਸਰ ਦੇ ਕਿਸੇ ਵਿਭਾਗ ਵਿੱਚ ਦਵਾਈ ਪ੍ਰਾਪਤ ਕਰ ਰਹੇ ਹੋ ਜਿਵੇਂ ਕਿ ਕੈਮੋਥੈਰੇਪੀ ਜਾਂ ਬੀ.ਸੀ. ਕੈਂਸਰ– ਵੈਨਕੂਵਰ ਇਨ–ਪੇਸ਼ੈਂਟ ਯੂਨਿਟ ਵਿੱਚ ਦਾਖਲ ਹੋ, ਤਾਂ ਹਰ ਖ਼ੁਰਾਕ ਤੋਂ ਪਹਿਲਾਂ ਨਰਸ ਤੁਹਾਨੂੰ ਦੱਸੇਗੀ  ਕਿ ਉਨ੍ਹਾਂ ਵੱਲੋਂ ਤੁਹਾਨੂੰ ਕਿਹੜੀ ਦਵਾਈ ਦਿਤੀ ਜਾ ਰਹੀ ਹੈ।

ਦਵਾਈ ਦੇਣ ਤੋਂ ਪਹਿਲਾਂ ਨਰਸ ਹੇਠ ਲਿਖੀ ਜਾਣਕਾਰੀ ਚੈੱਕ ਕਰੇਗੀ:

**ਠੀਕ ਮਰੀਜ਼**
- ਤੁਹਾਡੀ ਪਹਿਚਾਣ ਦੀ ਤਸਦੀਕ ਕਰੇਗੀ

**ਠੀਕ ਦਵਾਈ**
- ਇਹ ਦਵਾਈ ਤੁਹਾਡੇ ਲਈ ਨਿਯਤ ਹੈ

**ਠੀਕ ਖ਼ੁਰਾਕ**

**ਠੀਕ ਟਾਈਮ**

**ਠੀਕ ਤਰੀਕਾ**
- ਮੂੰਹ ਰਾਹੀਂ, ਫ਼ੀਡਿੰਗ ਟਿਊਬ ਰਾਹੀਂ ਜਾਂ ਨਾੜੀ ਵਿੱਚ ਲੱਗੀ ਲਾਈਨ ਰਾਹੀਂ ਜਾਂ ਟੀਕੇ ਨਾਲ।

**ਠੀਕ ਮੰਤਵ**

**ਤੁਹਾਡੇ ਚਾਰਟ ਤੇ ਠੀਕ ਤਰੀਕੇ ਨਾਲ ਲਿਖਿਆ ਜਾਂਦਾ ਹੈ**

ਜਦੋਂ ਵੀ ਸੰਭਵ ਹੋਵੇ ਨਰਸ ਨਾਲ ਦਵਾਈ ਦੇ ਲੇਬਲ ਦੀ ਸਮੀਖਿਆ ਕਰੋ। ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਡੇ ਇਲਾਜ ਜਾਂ ਸਕੈਜੂਅਲ ਵਿੱਚ ਹੋਣ ਵਾਲੀਆਂ ਤਬਦੀਲੀਆਂ ਦਾ ਤੁਹਾਨੂੰ ਪਤਾ ਹੈ ਆਪਣੀ ਨਰਸ ਨੂੰ ਕਹੋ ਕਿ ਹਰ ਰੋਜ਼ ਦਵਾਈਆਂ ਵਿੱਚ ਹੋਈ ਤਬਦੀਲੀ ਦੀ ਤੁਹਾਡੇ ਨਾਲ ਸਮੀਖਿਆ ਕਰੇ।

ਜੇ ਤੁਸੀਂ ਦਵਾਈ ਲੈਣ ਸਮੇਂ ਜਾਂ ਦਵਾਈ ਲੈਣ ਤੋਂ ਬਾਅਦ ਠੀਕ ਮਹਿਸੂਸ ਨਾ ਕਰੋ ਤਾਂ ਨਰਸ ਜਾਂ ਸਿਹਤ ਸੰਭਾਲ ਕਰਨ ਵਾਲੇ ਨੂੰ ਇੱਕ ਦਮ ਦੱਸੋ। ਜੇ ਕੋਈ ਗਲ ਸਪਸ਼ਟ ਨਹੀਂ ਹੈ ਤਾਂ ਕੋਈ ਸੁਆਲ ਜਾਂ ਚਿੰਤਾਵਾਂ ਬਾਰੇ ਗੱਲ ਕਰਨ ਤੋਂ ਨਾ ਘਬਰਾਓ।

# ਡਾਕਟਰੀ ਪ੍ਰੋਸੀਜਰ, ਰੋਗ ਪਹਿਚਾਣ ਦਾ ਪ੍ਰੋਸੀਜਰ, ਰੇਡੀਏਸ਼ਨ ਥੈਰੇਪੀ ਅਤੇ ਸਰਜਰੀ
# Medical procedures – diagnostic procedures, radiation therapy and surgery

ਇਹ ਕੁੱਝ ਵਿਸ਼ੇ ਹਨ ਜਿਨ੍ਹਾਂ ਬਾਰੇ ਤੁਹਾਨੂੰ ਸੁਚੇਤ ਹੋਣਾ ਚਾਹੀਦਾ ਹੈ, ਜੇ ਕਰ ਤੁਹਾਡਾ ਕੋਈ ਟੈੱਸਟ, ਪ੍ਰੋਸੀਜਰ ਜਾਂ ਸਰਜਰੀ ਹੋਣੀ ਹੈ ਤਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨਾਲ ਵਿਚਾਰ ਕਰੋ:

## ਪੁੱਛੋ ਕਿ ਕੋਈ ਟੈੱਸਟ ਜਾਂ ਪ੍ਰੋਸੀਜਰ ਕਿਉਂ ਕੀਤਾ ਜਾ ਰਿਹਾ ਹੈ
ASK WHY EACH TEST OR PROCEDURE IS BEING DONE

ਕਿਸੇ ਪ੍ਰੋਸੀਜਰ, ਇਲਾਜ ਜਾਂ ਸਰਜਰੀ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨਾਲ ਹੇਠ ਲਿਖੇ ਵਿਸ਼ਿਆਂ ਬਾਰੇ ਵਿਚਾਰ ਕਰਨਾ ਚੰਗਾ ਖਿਆਲ ਹੈ:

- ਇਸ ਟੈੱਸਟ ਜਾਂ ਇਲਾਜ ਦੀ ਕਿਉਂ ਲੋੜ ਹੈ ਅਤੇ ਇਸ ਨਾਲ ਮੈਨੂੰ ਕੀ ਮਦਦ ਮਿਲੇਗੀ?
- ਇਸ ਇਲਾਜ ਵਿੱਚ ਕੀ ਕੁੱਝ ਸ਼ਾਮਲ ਹੋਵੇਗਾ?
- ਇਸ ਇਲਾਜ ਨੂੰ ਕਿੰਨਾ ਸਮਾਂ ਲੱਗੇਗਾ?
- ਮੈਨੂੰ ਇਸ ਦੇ ਕੀ ਉਲਟ ਪ੍ਰਭਾਵ ਹੋ ਸਕਦੇ ਹਨ?
- ਇਸ ਪ੍ਰੋਸੀਜਰ, ਇਲਾਜ ਜਾਂ ਸਰਜਰੀ ਤੋਂ ਬਾਅਦ ਮੈਨੂੰ ਕੀ ਕਰਨਾ ਚਾਹੀਦਾ ਹੈ?
- ਇਸ ਟੈੱਸਟ/ਪ੍ਰੋਸੀਜਰ/ਸਰਜਰੀ ਦੇ ਨਤੀਜੇ ਕਦੋਂ ਮਿਲ ਜਾਣਗੇ?
- ਮੈਨੂੰ ਇਹ ਜਾਣਕਾਰੀ ਕਿਵੇਂ ਮਿਲੇਗੀ?

ਜੋ ਟੈੱਸਟ ਜਾਂ ਪ੍ਰੋਸੀਜਰ ਤੁਹਾਡੇ ਲਈ ਆਰਡਰ ਕੀਤਾ ਗਿਆ ਹੈ ਉਸ ਦੀ ਜਾਣਕਾਰੀ ਵਾਲੇ ਕਿਤਾਬਚੇ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੋ। ਇਸ ਨਾਲ ਤੁਹਾਨੂੰ ਠੀਕ ਸੁਆਲ ਪੁੱਛਣ ਵਿੱਚ ਮਦਦ ਮਿਲੇਗੀ ਅਤੇ ਤੁਹਾਨੂੰ ਪਤਾ ਲੱਗ ਸਕੇਗਾ ਕਿ ਕੀ ਹੋਣ ਵਾਲਾ ਹੈ।

ਜੇ ਤੁਹਾਨੂੰ ਆਪਣੇ ਡਾਕਟਰ ਜਾਂ ਸਿਹਤ ਸੰਭਾਲ ਕਰਨ ਵਾਲੇ ਤੋਂ ਟੈੱਸਟ, ਪ੍ਰੋਸੀਜਰ ਜਾਂ ਇਲਾਜ ਬਾਰੇ ਪਹਿਲਾਂ ਪਤਾ ਨਹੀਂ ਲੱਗਾ ਤਾਂ ਬੀ.ਸੀ. ਕੈਂਸਰ ਨੂੰ ਫ਼ੋਨ ਕਰ ਕੇ ਹੋਰ ਜਾਣਕਾਰੀ ਬਾਰੇ ਪਤਾ ਕਰੋ ਜਾਂ ਜੇ ਕੋਈ ਦੇਰੀ ਹੋਈ ਹੈ ਤਾਂ ਉਸ ਬਾਰੇ ਵੀ ਪਤਾ ਕਰੋ।

## ਸਿਹਤ ਸੰਭਾਲ ਟ੍ਰੀਟਮੈਂਟ ਲਈ ਸੋਚ ਸਮਝ ਕੇ ਦਿੱਤੀ ਸਹਿਮਤੀ ਦਾ ਮਤਲਬ ਜਾਣੋ

KNOW WHAT IT MEANS TO GIVE INFORMED CONSENT FOR HEALTHCARE TREATMENT

ਸੋਚ ਸਮਝ ਕੇ ਦਿੱਤੀ ਸਹਿਮਤੀ ਬਾਰੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਤੁਹਾਨੂੰ ਜਾਣਕਾਰੀ ਦਿੱਤੀ ਜਾ ਸਕੇਗੀ। ਤੁਹਾਨੂੰ ਕਿਸੇ ਵੀ ਇਲਾਜ ਲਈ ਤਦ ਤੱਕ ਸਹਿਮਤੀ ਨਹੀਂ ਦੇਣੀ ਚਾਹੀਦੀ ਜਦ ਤੱਕ ਤੁਸੀਂ ਉਸ ਬਾਰੇ ਪੂਰੀ ਤਰ੍ਹਾਂ ਸਮਝ ਨਹੀਂ ਲੈਂਦੇ ਕਿ ਇਸ ਦਾ ਕੀ ਮਤਲਬ ਹੈ, ਕੀ ਖ਼ਤਰੇ, ਫ਼ਾਇਦੇ ਅਤੇ ਕੀ ਵਿਕਲਪ ਹਨ। ਤੁਸੀਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ।

## ਜਦੋਂ ਤੁਹਾਡਾ ਕੋਈ ਪ੍ਰੋਸੀਜਰ ਹੋਣ ਵਾਲਾ ਹੈ ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ, ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਸਾਰੇ ਸਹਿਮਤ ਹਨ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਕੀ ਕਰਨਾ ਹੈ

WHEN YOU ARE HAVING YOUR PROCEDURE, MAKE SURE THAT YOU, YOUR HEALTH CARE PROVIDER ALL AGREE AND ARE CLEAR ON EXACTLY WHAT WILL BE DONE

ਸਾਰੇ ਪ੍ਰੋਸੀਜਰਾਂ ਲਈ ਸਿਹਤ ਸੰਭਾਲ ਪ੍ਰਦਾਤਾ ਨੂੰ ਕਹੋ ਕਿ ਪ੍ਰਮਾਣਿਤ ਕਰੇ ਕਿ ਸਰੀਰ ਦੇ ਕਿਸ ਹਿੱਸੇ ਦੇ ਕਿਸ ਥਾਂ ਤੇ ਪ੍ਰੋਸੀਜਰ ਕੀਤਾ ਜਾਣਾ ਹੈ ਜਿਵੇਂ ਕਿ ਖੱਬੇ ਫੇਫੜੇ ਦੀ ਰੇਡੀਏਸ਼ਨ ਥੈਰੇਪੀ।

ਜੇ ਤੁਹਾਡੀ ਸਰਜਰੀ ਹੋਣੀ ਹੈ ਤਾਂ ਡਾਕਟਰ ਅਤੇ/ਜਾਂ ਐਨਿਸਥਿਆਲੋਜਿਸਟ (ਜਿਹੜਾ ਡਾਕਟਰ ਬੇਹੋਸ਼ ਕਰਨ ਅਤੇ ਦਰਦ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ) ਸਰਜਰੀ ਕਰਨ ਤੋਂ ਪਹਿਲਾਂ 'ਸਰਜਰੀ ਦੀ ਜਗ੍ਹਾ ਦੀ ਨਿਸ਼ਾਨਦੇਹੀ' ਬਾਰੇ ਤੁਹਾਡੇ ਨਾਲ ਵਿਚਾਰ ਕਰਨਗੇ। ਇਹ ਤਰੀਕਾ ਤੁਹਾਡੀ ਸੁਰੱਖਿਆ ਲਈ ਹੈ ਅਤੇ ਤੁਹਾਡੀ ਸਿਹਤ ਸੰਭਾਲ ਕਰਨ ਵਾਲਿਆਂ ਨੂੰ ਠੀਕ ਪ੍ਰੋਸੀਜਰ ਜਾਂ ਇਲਾਜ ਕਰਨ ਵਿੱਚ ਮਦਦ ਕਰੇਗਾ।

# ਇੰਟਰਵੀਨਸ ਥੈਰੇਪੀ
# Intravenous therapy

ਇੰਟਰਵੀਨਸ ਥੈਰੇਪੀ (ਆਈ.ਵੀ.) ਵਿੱਚ ਸੂਈ ਦੀ ਮਦਦ ਨਾਲ ਜਾਂ ਮਰੀਜ਼ ਦੀ ਨਾੜ ਵਿੱਚ ਲੱਗੇ ਕੈਥੇਟਰ ਰਾਹੀਂ ਦਵਾਈਆਂ ਜਾਂ ਤਰਲ ਮਰੀਜ਼ ਨੂੰ ਦਿੱਤੇ ਜਾਂਦੇ ਹਨ। ਨਾੜ ਰਾਹੀਂ ਥੈਰੇਪੀ ਉਨ੍ਹਾਂ ਮਰੀਜ਼ਾਂ ਦੇ ਇਲਾਜ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਜਿਨ੍ਹਾਂ ਨੂੰ ਕੈਮੋਥੈਰੇਪੀ ਜਾਂ ਹੋਰ ਦਵਾਈਆਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਦਰਦ ਦਾ ਕੰਟਰੋਲ ਕਰਨ ਵਾਲੇ ਇਲਾਜ ਜਾਂ ਤਰਲ ਦਿੱਤੇ ਜਾਣ ਦੀ ਲੋੜ ਹੁੰਦੀ ਹੈ ਜਾਂ ਜਿਨ੍ਹਾਂ ਦੀ ਡਾਇਗਨੋਸਟਿਕ ਇਮੇਜਿੰਗ (diagnostic imaging) ਹੋ ਰਹੀ ਹੈ।

ਆਈ.ਵੀ. ਨਾਲ ਸਬੰਧਤ ਕਿਸੇ ਸਮੱਸਿਆ ਨੂੰ ਰੋਕਣ ਲਈ ਤੁਹਾਡੀ ਸਿਹਤ ਸੰਭਾਲ ਵਾਲੀ ਟੀਮ ਲਈ ਬੜਾ ਜ਼ਰੂਰੀ ਹੈ ਕਿ ਤੁਹਾਡੇ ਸਰੀਰ ਵਿੱਚ ਜਿੱਥੇ ਆਈ.ਵੀ. ਲੱਗਾ ਹੈ ਉਸ ਜਗ੍ਹਾ ਨੂੰ ਅਕਸਰ ਚੈੱਕ ਕਰਦੇ ਰਹਿਣ। ਤੁਹਾਡੀ ਨਰਸ ਇਲਾਜ ਦੇ ਦੌਰਾਨ ਜਾਂ ਦਾਖਲ ਹੋਏ ਮਰੀਜ਼ ਦੇ ਰਹਿਣ ਦਾ ਸਾਰਾ ਸਮਾਂ, ਇਹ ਨਿਸ਼ਾਨ ਬਾਰ ਬਾਰ ਚੈੱਕ ਕਰਦੀ ਰਹੇਗੀ -ਮਰੀਜ਼ ਬੇਸ਼ੱਕ ਸੁੱਤਾ ਹੋਵੇ ।

ਜੇ ਕਰ ਤੁਹਾਨੂੰ ਆਈ.ਵੀ. ਦੁਆਲ਼ੇ ਕੋਈ ਲਾਲੀ, ਸੋਜਸ਼, ਦਰਦ ਜਾਂ ਖ਼ੂਨ ਨਿਕਲਦਾ ਦਿੱਸੇ ਜਾਂ ਦਵਾਈ ਨਜ਼ਰ ਆਏ ਤਾਂ ਕਿਰਪਾ ਕਰ ਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਇੱਕ ਦਮ ਦੱਸੋ।

# ਇਨਫ਼ੈਕਸ਼ਨ ਕੰਟਰੋਲ
# Infection control

## ਹੱਥਾਂ ਦੀ ਸਵੱਛਤਾ
HAND WASHING

ਜਦੋਂ ਤੁਸੀਂ ਬੀ.ਸੀ. ਕੈਂਸਰ ਵਿਖੇ ਹੋ ਤਾਂ ਤੁਹਾਡੇ ਸਿੱਧੇ ਸੰਪਰਕ ਵਿੱਚ ਹਰ ਵਿਅਕਤੀ ਨੂੰ ਹੱਥ ਧੋਣ ਲਈ ਕਹਿਣਾ ਠੀਕ ਹੈ।ਬੀ.ਸੀ. ਕੈਂਸਰ ਵਿਖੇ ਇਨਫੈਕਸ਼ਨ ਕੰਟਰੋਲ ਕਰਨ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ ਹਰ ਇੱਕ ਵਿਅਕਤੀ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਵੇ ਜਾਂ ਹੱਥਾਂ ਨੂੰ ਸੈਨੇਟਾਈਜ਼ਰ ਨਾਲ ਸਾਫ਼ ਕਰੇ। ਸਾਰਾ ਸਟਾਫ਼, ਮਰੀਜ਼ ਅਤੇ ਅਪੌਇੰਟਮੈਂਟੀ ਆਪਣੇ ਹੱਥ ਹੇਠ ਲਿਖੇ ਸਮੇਂ ਸਾਫ਼ ਕਰਨ:

1. ਮਰੀਜ਼ ਜਾਂ ਮਰੀਜ਼ ਦੀਆਂ ਚੀਜ਼ਾਂ ਨੂੰ ਛੂਹਣ ਤੋਂ ਪਹਿਲਾਂ
   ਜਿਵੇਂ ਕਿ – ਮਰੀਜ਼ ਦੇ ਕਮਰੇ ਜਾਂ ਕਲੀਨਿਕ ਵਾਲੀ ਜਗ੍ਹਾ ਵਿੱਚ ਦਾਖਲ ਹੋਣ ਸਮੇਂ
2. ਪ੍ਰੋਸੀਜਰ ਕਰਨ ਜਾਂ ਦੇਖ ਭਾਲ ਪ੍ਰਦਾਨ ਕਰਨ ਤੋਂ ਪਹਿਲਾਂ
   ਜਿਵੇਂ ਕਿ–ਖਾਣ ਜਾਂ ਖੁਆਣ, ਦਵਾਈ ਦੇਣ ਜਾਂ ਟੀਕਾ ਲਗਾਉਣ
3. ਸਰੀਰ ਦੇ ਕਿਸੇ ਵੀ ਤਰਲ ਨਾਲ ਸੰਪਰਕ ਤੋਂ ਬਾਅਦ
   ਜਿਵੇਂ ਕਿ ਵਾਸ਼ਰੂਮ ਜਾਣ, ਖੰਘਣ, ਨਿੱਛ ਮਾਰਨ ਤੋਂ ਬਾਅਦ
4. ਮਰੀਜ਼ ਜਾਂ ਮਰੀਜ਼ ਦੇ ਆਲ਼ੇ ਦੁਆਲ਼ੇ ਨੂੰ ਛੂਹਣ ਤੋਂ ਬਾਅਦ
   ਜਿਵੇਂ ਕਿ ਮਰੀਜ਼ ਦੇ ਕਮਰੇ ਜਾਂ ਕਲੀਨਿਕ ਵਿੱਚੋਂ ਬਾਹਰ ਆਉਣ ਤੇ

## ਅੱਡ ਰੱਖਣ ਦਾ ਪ੍ਰੋਸੀਜਰ
ISOLATION PROCEDURES

ਜੇ ਕਰ ਤੁਹਾਡੇ ਵਿੱਚ ਬਿਮਾਰੀ ਦੇ ਲੱਛਣ ਹਨ ਜਿਵੇਂ ਕਿ ਬੁਖ਼ਾਰ, ਖੰਘ ਆਉਣੀ, ਦਸਤ ਲੱਗਣੇ, ਉਲਟੀਆਂ ਜਾਂ ਰੈਸ਼/ਧੱਫੜ ਹੋਣੇ ਤਾਂ ਕਿਰਪਾ ਕਰ ਕੇ ਬੀ.ਸੀ. ਕੈਂਸਰ ਵਿੱਚ ਆਉਣ ਤੋਂ ਪਰਹੇਜ਼ ਕਰੋ। ਜੇ ਤੁਹਾਨੂੰ ਕੋਵਿਡ–19 ਹੈ ਜਾਂ ਤੁਹਾਡਾ ਸੰਪਰਕ ਕਿਸੇ ਐਸੇ ਵਿਅਕਤੀ ਨਾਲ ਹੋਇਆ ਹੈ ਜਿਸ ਨੂੰ ਪਿਛਲੇ 3 ਹਫ਼ਤਿਆਂ ਦੌਰਾਨ ਧੱਧਰਾਂ/ਛੋਟੀ ਚੇਚਕ, ਮੰਪਸ ਜਾਂ ਖਸਰਾ ਹੋਇਆ ਹੈ, ਤਾਂ ਅਪੌਇੰਟਮੈਂਟ ਲਈ ਆਉਣ ਤੋਂ ਪਹਿਲਾਂ ਸਿਹਤ ਸੰਭਾਲ ਕਰਨ ਵਾਲੇ ਨੂੰ ਸੰਪਰਕ ਕਰੋ। ਇਸ ਤਰ੍ਹਾਂ ਸਾਡੇ ਮਰੀਜ਼, ਸਟਾਫ਼ ਅਤੇ ਹੋਰ ਪਰਵਾਰਾਂ ਨੂੰ ਸੁਰੱਖਿਅਤ ਹੋਣ ਵਿੱਚ ਮਦਦ ਮਿਲੇਗੀ।

ਜੇ ਕਰ ਕੋਈ ਖ਼ਾਸ ਬਿਮਾਰੀ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲ ਸਕਦੀ ਤਾਂ ਬੀ.ਸੀ. ਕੈਂਸਰ ਵਿਖੇ ਹਰ ਇੱਕ ਵਿਅਕਤੀ ਨੂੰ ਇਨਫ਼ੈਕਸ਼ਨ ਦੇ ਫੈਲਣ ਤੋਂ ਬਚਾਉਣ ਲਈ ਅਸੀਂ ਅੱਡਰਾ ਰੱਖਣ (ਆਈਸੋਲੇਸ਼ਨ) ਦੇ ਪ੍ਰੋਸੀਜਰ ਦੀ ਪਾਲਨਾ ਕਰਦੇ ਹਾਂ। ਕਿਰਪਾ ਕਰ ਕੇ ਕਮਰੇ ਦੇ ਦਰਵਾਜ਼ੇ ਤੇ ਲੱਗੇ ਅੱਡ ਰੱਖਣ ਦੇ ਪ੍ਰੋਸੀਜਰ ਦੀ ਪਾਲਨਾ ਕਰੋ। ਜੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਕੀ ਕਰਨਾ ਹੈ ਤਾਂ ਮਦਦ ਲਵੋ।

# ਮਰੀਜ਼ ਦਾ ਡਿੱਗਣ ਤੋਂ ਬਚਾਅ–ਚੱਲਣ ਫਿਰਨ ਲਈ ਸਹਾਇਤਾ
# Patient falls prevention – mobility assistance

ਹਾਲਾਂਕਿ ਡਿੱਗਣ ਦਾ ਖ਼ਤਰਾ ਕਿਸੇ ਨੂੰ ਵੀ ਹੋ ਸਕਦਾ ਹੈ ਪਰ ਕੈਂਸਰ ਵਾਲੇ ਮਰੀਜ਼ਾਂ ਨੂੰ ਦਵਾਈਆਂ ਜਾਂ ਪ੍ਰੋਸੀਜਰ ਦੇ ਪ੍ਰਭਾਵਾਂ, ਚੱਲਣ ਗਤੀ ਵਿੱਚ ਤਬਦੀਲੀਆਂ ਜਾਂ ਨਵੇਂ ਮਾਹੌਲ ਵਿੱਚ ਹੋਣ ਕਰ ਕੇ ਖ਼ਤਰਾ ਜ਼ਿਆਦਾ ਹੁੰਦਾ ਹੈ। ਬੀ.ਸੀ. ਕੈਂਸਰ ਵਿੱਚ ਤੁਹਾਡੀ ਸੁਰੱਖਿਆ ਸੁਨਿਸ਼ਚਿਤ ਕਰਨ ਲਈ ਬੀ.ਸੀ. ਕੈਂਸਰ ਦੇ ਕਰਮਚਾਰੀ ਤੁਹਾਨੂੰ ਚੱਲਣ ਫਿਰਨ ਦੀ ਸਮੱਸਿਆ ਬਾਰੇ ਸੁਆਲ ਪੁੱਛਣਗੇ।

ਤੁਸੀਂ ਅਤੇ ਤੁਹਾਡਾ ਪਰਵਾਰ ਡਿੱਗਣ ਤੋਂ ਸੁਚੇਤ ਹੋ ਕੇ ਅਤੇ ਸੁਰੱਖਿਅਤ ਰਹਿਣ ਲਈ ਹੇਠ ਲਿਖੇ ਸੁਝਾਵਾਂ ਤੇ ਅਮਲ ਕਰ ਕੇ ਸਿਹਤ ਸੰਭਾਲ ਟੀਮ ਦੀ ਮਦਦ ਕਰ ਸਕਦੇ ਹੋ:

- ਜੇ ਕਰ ਤੁਸੀਂ ਸਥਿਰ ਨਹੀਂ, ਚੱਕਰ ਆਉਂਦੇ ਹਨ ਜਾਂ ਬੌਂਦਲੇ ਹੋ, ਡਿੱਗਣ ਬਾਰੇ ਫ਼ਿਕਰਮੰਦ ਹੋ ਜਾਂ ਪਿਛਲੇ 6 ਮਹੀਨਿਆਂ ਵਿੱਚ ਡਿੱਗੇ ਹੋ ਤਾਂ ਬੀ.ਸੀ. ਕੈਂਸਰ ਦੇ ਕਰਮਚਾਰੀ ਨੂੰ ਦੱਸੋ।
- ਚੱਲਣ ਲਈ ਆਪਣਾ ਆਮ ਸਹਾਰਾ/ਵ੍ਹੀਲਚੇਅਰ ਵਰਤੋ ਅਤੇ ਇਨ੍ਹਾਂ ਨੂੰ ਆਪਣੇ ਨਜ਼ਦੀਕ ਰੱਖੋ। ਮਦਦ ਲਈ ਹਸਪਤਾਲ ਦੇ ਫ਼ਰਨੀਚਰ ਦਾ ਸਹਾਰਾ ਨਾ ਲਵੋ ਕਿਉਂਕਿ ਇਸ ਨੂੰ ਅਕਸਰ ਪਹੀਏ ਲੱਗੇ ਹੁੰਦੇ ਹਨ ਜੋ ਰਿੜ੍ਹ ਜਾਂਦੇ ਹਨ।
- ਜੇ ਤੁਸੀਂ ਠੀਕ ਮਹਿਸੂਸ ਨਹੀਂ ਕਰਦੇ ਜਾਂ ਕਿਤੇ ਜਾਣਾ ਚਾਹੁੰਦੇ ਦੇ ਹੋ ਖਾਸ ਕਰ ਟਾਇਲੈੱਟ ਜਾਣ ਲਈ ਮਦਦ ਚਾਹੀਦੀ ਹੈ ਤਾਂ ਘੰਟੀ ਵਜਾਓ।
- ਕਿਰਪਾ ਕਰ ਕੇ ਐਨਕਾਂ ਅਤੇ ਕੰਨਾਂ ਵਾਲੀ ਮਸ਼ੀਨ ਲਗਾ ਕੇ ਰੱਖੋ।
- ਜੇ ਤੁਹਾਨੂੰ ਦੇਖਣ ਜਾਂ ਸੁਣਨ ਵਿੱਚ ਤਕਲੀਫ਼ ਹੈ ਤਾਂ ਮਦਦ ਮੰਗੋ।
- ਚੱਲਣ ਸਮੇਂ ਆਪਣੇ ਬੂਟ ਪਾ ਕੇ ਰੱਖੋ– ਬੀ.ਸੀ. ਕੈਂਸਰ ਵਿੱਚ ਨੰਗੇ ਪੈਰੀਂ ਜਾਂ ਜੁਰਾਬਾਂ ਪਾ ਕੇ ਨਾ ਚੱਲੋ। ਆਪਣੀ ਜਾਂਚ ਪੜਤਾਲ, ਪ੍ਰੋਸੀਜਰ ਜਾਂ ਭਾਰ ਤੋਲਣ ਤੋਂ ਬਾਅਦ ਬੂਟ ਪਾਓ ਅਤੇ ਤਸਮੇਂ ਬੰਨ੍ਹੋ।
- ਜਦੋਂ ਬੀ.ਸੀ. ਕੈਂਸਰ ਵਿੱਚ ਚੱਲ ਰਹੇ ਹੋ ਤਾਂ ਕਾਹਲੀ ਨਾ ਕਰੋ–ਆਰਾਮ ਨਾਲ ਚੱਲੋ।
- ਬੀ.ਸੀ. ਕੈਂਸਰ ਦੇ ਵਾਤਾਵਰਨ ਨਾਲ ਪਰਚਿਤ ਹੋਵੋ। ਜੇ ਗੁੰਮ ਹੋ ਜਾਓ ਤਾਂ ਕਿਰਪਾ ਕਰ ਕੇ ਸਹੀ ਰਸਤੇ ਲਈ ਮਦਦ ਮੰਗੋ।
- ਗੈਲਰੀ ਜਾਂ ਕਮਰੇ ਵਿੱਚ ਪਈਆਂ ਫਾਲਤੂ ਚੀਜ਼ਾਂ ਸਮੇਤ ਜੇ ਤੁਹਾਨੂੰ ਕੋਈ ਐਸੀ ਚੀਜ਼ ਨਜ਼ਰ ਆਏ ਜਿਸ ਨਾਲ ਤੁਸੀਂ ਤਿਲਕ ਸਕਦੇ ਹੋ, ਤੁਹਾਨੂੰ ਠੋਕਰ ਲੱਗ ਸਕਦੀ ਹੈ ਜਾਂ ਤੁਸੀਂ ਡਿੱਗ ਸਕਦੇ ਹੋ–ਤਾਂ ਕਿਰਪਾ ਕਰ ਕੇ ਬੀ.ਸੀ. ਕੈਂਸਰ ਦੇ ਕਰਮਚਾਰੀਆਂ ਨੂੰ ਦੱਸੋ ਤਾਂ ਕਿ ਉਹ ਉਸ ਨੂੰ ਠੀਕ ਕਰ ਸਕਣ।

# ਪ੍ਰੈਸ਼ਰ ਨਾਲ ਹੋਏ ਜ਼ਖ਼ਮਾਂ ਦੀ ਰੋਕ (ਪ੍ਰੈਸ਼ਰ ਅਲਸਰ)
# Pressure injury prevention (pressure ulcer)

ਪ੍ਰੈਸ਼ਰ ਨਾਲ ਹੋਏ ਜ਼ਖ਼ਮ ਫੋੜੇ ਜਾਂ ਅਲਸਰ ਹਨ ਜੋ ਕੁਰਸੀ ਜਾਂ ਬਿਸਤਰੇ ਤੇ ਆਰਾਮ ਕਰਨ ਸਮੇਂ ਪੁਜ਼ੀਸ਼ਨ ਜਲਦੀ ਨਾ ਬਦਲੀ ਜਾਣ ਕਰ ਕੇ ਚਮੜੀ ਉੱਪਰ ਪਏ ਦਬਾਅ ਕਾਰਨ ਹੋ ਜਾਂਦੇ ਹਨ। ਚਮੜੀ ਦੀ ਚੰਗੀ ਦੇਖ ਭਾਲ ਅਤੇ ਚਮੜੀ ਨੂੰ ਕਸ਼ਟ ਤੋਂ ਬਚਾਉਣ ਵਿੱਚ ਸਾਡੀ ਮਦਦ ਕਰੋ। ਤੁਹਾਡੀ ਚਮੜੀ ਇਨਫੈਕਸ਼ਨ ਵਿਰੁੱਧ ਇੱਕ ਚੰਗੀ ਰੁਕਾਵਟ ਹੈ, ਇਸ ਦੀ ਦੇਖ ਭਾਲ ਬੜੇ ਧਿਆਨ ਨਾਲ ਕਰੋ!

ਤੁਹਾਡੀ ਸਿਹਤ ਸੰਭਾਲ ਕਰਨ ਵਾਲਾ ਵਿਅਕਤੀ ਪ੍ਰੈਸ਼ਰ ਨਾਲ ਹੋਣ ਵਾਲੇ ਜ਼ਖ਼ਮਾਂ ਦੇ ਖ਼ਤਰੇ ਦਾ ਅੰਦਾਜ਼ਾ ਲਗਾਉਣ ਲਈ ਤੁਹਾਨੂੰ ਕੁੱਝ ਸੁਆਲ ਪੁੱਛੇਗਾ। ਮਦਦ ਲਈ ਤੁਸੀਂ ਇਹ ਕਰ ਸਕਦੇ ਹੋ:

1. ਕਿਰਪਾ ਕਰ ਕੇ ਦੱਸੋ ਕਿ ਤੁਹਾਨੂੰ ਪਹਿਲਾਂ ਕਦੇ ਪ੍ਰੈਸ਼ਰ ਵਾਲੇ ਜ਼ਖ਼ਮ ਹੋਏ ਹਨ।
2. ਨਹਾਉਣ ਜਾਂ ਕਪੜੇ ਬਦਲਣ ਸਮੇਂ ਆਪਣੀ ਚਮੜੀ ਨੂੰ ਧਿਆਨ ਨਾਲ ਦੇਖੋ ਅਤੇ ਜੇ ਤੁਹਾਨੂੰ ਆਪਣੀ ਚਮੜੀ ਵਿੱਚ ਕੋਈ ਤਬਦੀਲੀ ਨਜ਼ਰ ਆਏ ਤਾਂ ਸਾਨੂੰ ਦੱਸੋ।
3. ਜੇ ਕਰ ਤੁਸੀਂ ਕੁਰਸੀ ਜਾਂ ਬਿਸਤਰੇ ਤੇ ਕਾਫੀ ਲੰਮੇ ਸਮੇਂ ਤੋਂ ਹੋ ਤਾਂ ਸਾਨੂੰ ਦੱਸੋ ਅਤੇ/ਜਾਂ ਯਾਦ ਦਿਵਾਓ ਤਾਂ ਕਿ ਪੈਡ ਜਲਦੀ ਜਲਦੀ ਬਦਲੇ ਜਾਣ (ਜੇ ਜ਼ਰੂਰਤ ਹੋਵੇ)।
4. ਜੇ ਕਰ ਤੁਸੀਂ ਕੁਰਸੀ ਜਾਂ ਬਿਸਤਰੇ ਤੇ ਕਾਫੀ ਲੰਮੇ ਸਮੇਂ ਤੋਂ ਹੋ ਤਾਂ ਸਾਨੂੰ ਦੱਸੋ ਅਤੇ/ਜਾਂ ਯਾਦ ਦਿਵਾਓ ਕਿ ਤੁਹਾਡੀ ਪੁਜ਼ੀਸ਼ਨ ਬਦਲਣ ਵਿੱਚ ਤੁਹਾਡੀ ਮਦਦ ਕਰੀਏ (ਘੱਟੋ ਘੱਟ ਹਰ 2 ਘੰਟਿਆਂ ਬਾਅਦ)।

ਪ੍ਰੈਸ਼ਰ ਨਾਲ ਹੋਣ ਵਾਲੇ ਜ਼ਖ਼ਮਾਂ ਬਾਰੇ ਅਤੇ ਇਨ੍ਹਾਂ ਨੂੰ ਰੋਕਣ ਲਈ ਤੁਸੀਂ ਕੀ ਕਰ ਸਕਦੇ ਹੋ, ਜੇ ਕਰ ਇਸ ਬਾਰੇ ਤੁਹਾਡੇ ਮਨ ਵਿੱਚ ਕੋਈ ਸੁਆਲ ਹੈ ਤਾਂ ਕਿਰਪਾ ਕਰ ਕੇ ਸਾਨੂੰ ਪੁੱਛੋ!

# ਐਮਰਜੈਂਸੀ ਲਈ ਤਿਆਰੀ
# Emergency preparedness

ਕਿਸੇ ਐਮਰਜੈਂਸੀ ਹਾਲਤ ਨਾਲ ਨਜਿੱਠਣ ਲਈ ਬੀ.ਸੀ. ਕੈਂਸਰ ਦੇ ਸੁਰੱਖਿਆ ਲਈ ਪੱਕੇ ਪ੍ਰੋਸੀਜਰ ਹਨ। ਐਮਰਜੈਂਸੀਆਂ ਅਕਸਰ ਆਮ ਤੌਰ ਤੇ ਨਹੀਂ ਹੁੰਦੀਆਂ ਪਰ ਜੇ ਹੋਣ ਤਾਂ ਤੁਹਾਡੀ ਸੁਰੱਖਿਆ ਸੁਨਿਸ਼ਚਿਤ ਕਰਨ ਲਈ ਬੀ.ਸੀ. ਕੈਂਸਰ ਦੇ ਕਰਮਚਾਰੀ ਸਿਖਲਾਈ ਪਰਾਪਤ ਹਨ। ਭਰੋਸਾ ਰੱਖੋ ਕਿ ਤੁਹਾਡੀ ਸੁਰੱਖਿਆ ਸਾਡੀ ਪਹਿਲੀ ਜ਼ਿੰਮੇਵਾਰੀ ਹੈ। ਬੀ.ਸੀ. ਕੈਂਸਰ ਦੇ ਸਪੀਕਰ ਤੇ ਐਮਰਜੈਂਸੀ ਲਈ ਜਾਂ ਸੁਰੱਖਿਆ ਦੇ ਅਭਿਆਸ ਲਈ ਵੱਖ ਵੱਖ ਕਿਸਮ ਦੀ ਐਮਰਜੈਂਸੀ ਦਾ ਐਲਾਨ ਕੀਤਾ ਜਾਂਦਾ ਹੈ। ਕੁੱਝ ਕਿਸਮ ਦੀਆਂ ਐਮਰਜੈਂਸੀਆਂ ਵਿੱਚ ਇਹ ਸ਼ਾਮਲ ਹਨ:

ਅੱਗ (ਲਾਲ ਕੋਡ) Fire (Code Red)

ਮੈਡੀਕਲ ਐਮਰਜੈਂਸੀ (ਨੀਲਾ ਕੋਡ) Medical Emergency (Code Blue)

ਧੱਕਾ ਮੁੱਕੀ/ਹਿੰਸਕ ਵਰਤਾਓ (ਸਫ਼ੇਦ ਕੋਡ) Aggressive Behaviour (Code White)

ਬੀ.ਸੀ. ਕੈਂਸਰ ਦੇ ਕਰਮਚਾਰੀ ਤੁਹਾਨੂੰ ਦੱਸਣਗੇ ਅਤੇ ਪ੍ਰਤੀਕ੍ਰਿਆ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਜੇ ਤੁਹਾਡੇ ਮਨ ਵਿੱਚ ਸੁਰੱਖਿਆ ਸਬੰਧੀ ਜਾਂ ਸਪੀਕਰ ਤੇ ਕੀਤੇ ਐਲਾਨ ਬਾਰੇ ਕੋਈ ਸੁਆਲ ਜਾਂ ਫ਼ਿਕਰ ਹਨ ਤਾਂ ਬੀ.ਸੀ. ਕੈਂਸਰ ਦੇ ਕਰਮਚਾਰੀ ਨਾਲ ਵਿਚਾਰ ਵਟਾਂਦਰਾ ਕਰੋ।

ਤੁਹਾਡੀ ਜਾਣਕਾਰੀ ਲਈ: ਸਾਰੇ ਬੀ.ਸੀ. ਵਿੱਚ ਭਾਈਚਾਰਿਆਂ ਅੰਦਰ ਚੱਲ ਰਹੇ ਸਿਹਤ ਸੰਭਾਲ ਸੈਂਟਰ ਐਮਰਜੈਂਸੀ ਦੀ ਪਹਿਚਾਣ ਅਤੇ ਪ੍ਰਤੀਕ੍ਰਿਆ ਲਈ ਕਲਰ ਕੋਡ ਦੀ ਵਰਤੋਂ ਕਰਦੇ ਹਨ। ਕਿਰਪਾ ਕਰ ਕੇ 27 ਨੰਬਰ ਪੰਨੇ ਤੇ ਕਲਰ ਚਾਰਟ ਦੇਖੋ।

ਨੀਲਾ ਕੋਡ – ਮੈਡੀਕਲ ਐਮਰਜੈਂਸੀ

ਲਾਲ ਕੋਡ – ਅੱਗ

ਸਫ਼ੇਦ ਕੋਡ – ਧੱਕਾ ਮੁੱਕੀ/ਹਿੰਸਕ ਵਰਤਾਓ

ਕਾਲਾ ਕੋਡ – ਬੰਬ ਦਾ ਖ਼ਤਰਾ

ਹਰਾ ਕੋਡ – ਖਾਲੀ ਕਰਨਾ

ਪੀਲਾ ਕੋਡ – ਮਰੀਜ਼ ਗੁੰਮ ਹੋਣਾ

ਐਂਬਰ ਕੋਡ – ਬੱਚਾ ਅਗਵਾ ਹੋਣਾ

ਭੂਰਾ ਕੋਡ – ਖ਼ਤਰਨਾਕ ਪਦਾਰਥ ਡੁੱਲ੍ਹਣਾ

ਸਲੇਟੀ ਕੋਡ – ਸਿਸਟਮ ਫ਼ੇਲ੍ਹ ਹੋਣਾ

ਸਿਲਵਰ ਕੋਡ – ਸਰਗਰਮ ਹਮਲਾਵਰ

ਇਹ ਐਮਰਜੈਂਸੀ ਕੋਡ ਐਮਰਜੈਂਸੀ ਦੀ ਪਹਿਚਾਣ ਅਤੇ ਪ੍ਰਤੀਕ੍ਰਿਆ ਲਈ ਸਾਰੇ ਬ੍ਰਿਟਿਸ਼ ਕੋਲੰਬੀਆ ਵਿੱਚ ਵਰਤੇ ਜਾਂਦੇ ਹਨ।

# ਬੀ.ਸੀ. ਕੈਂਸਰ ਵਿਖੇ ਅਪੌਇੰਟਮੈਂਟਾਂ–ਅਪੌਇੰਟਮੈਂਟ ਤੇ ਸਮੇਂ ਸਿਰ ਪਹੁੰਚਣਾ ਜੇ ਕਰ ਤੁਸੀਂ ਕਮਿਊਨਿਟੀ ਹਸਪਤਾਲ ਵਿੱਚ ਦਾਖਲ ਹੋ

## BC Cancer appointments – keeping appointments if you are admitted to a community hospital

ਜੇ ਕਰ ਤੁਸੀਂ ਕਮਿਊਨਿਟੀ ਹਸਪਤਾਲ ਵਿੱਚ ਦਾਖ਼ਲ ਹੋ ਅਤੇ ਤੁਹਾਡੀ ਅਪੌਇੰਟਮੈਂਟ ਬੀ.ਸੀ. ਕੈਂਸਰ ਵਿਖੇ ਸਕੈਜੂਅਲ ਹੋਈ ਹੈ ਤਾਂ ਹਸਪਤਾਲ ਦੇ ਸਟਾਫ਼ ਨੂੰ ਦੱਸੋ। ਉਨ੍ਹਾਂ ਨੂੰ ਕਹੋ ਕਿ ਆਨਕਾਲੋਜਿਸਟ ਨੂੰ ਸੂਚਿਤ ਕਰਨ। ਤੁਹਾਡਾ ਆਨਕਾਲੋਜਿਸਟ ਨਿਰਧਾਰਤ ਕਰੇਗਾ ਕਿ ਅਪੌਇੰਟਮੈਂਟ ਜਾਂ ਇਲਾਜ ਲਈ ਤੁਹਾਨੂੰ ਬੀ.ਸੀ. ਕੈਂਸਰ ਲਿਆਉਣਾ ਸੁਰੱਖਿਅਤ ਹੈ ਕਿ ਨਹੀਂ। ਇਹ ਅਪੌਇੰਟਮੈਂਟ ਜਾਂ ਇਲਾਜ ਕੀ ਕਿਸੇ ਹੋਰ ਤਾਰੀਖ਼ ਤੱਕ ਟਾਲਿਆ ਜਾ ਸਕਦਾ ਹੈ ਜਦੋਂ ਤੁਹਾਡੀ ਸੁਰੱਖਿਆ ਵਿੱਚ ਸੁਧਾਰ ਹੋਵੇ ਅਤੇ ਤੁਹਾਡੀ ਹਾਲਤ ਸਥਿਰ ਹੋਵੇ।

# ਮਰੀਜ਼ ਦੇ ਰਿਕਾਰਡ ਤੱਕ ਪਹੁੰਚ

## Access to patient record

ਤੁਹਾਡੇ ਮਰੀਜ਼ ਦਾ ਜਦੋਂ ਇਲਾਜ ਚੱਲ ਰਿਹਾ ਹੋਵੇ ਤਾਂ ਉਸ ਦੇ ਰਿਕਾਰਡ ਨੂੰ ਵੇਖਣਾ ਸੰਭਵ ਹੈ। ਤੁਸੀਂ ਜਾਂ ਤੁਹਾਡਾ ਪਰਵਾਰ (ਜੇ ਤੁਸੀਂ ਸਹਿਮਤ ਹੋਵੋ) ਹੈਲਥ ਇਨਫ਼ਰਮੇਸ਼ਨ ਡਿਪਾਰਟਮੈਂਟ ਤੋਂ ਇਨਫ਼ਰਮੇਸ਼ਨ ਰਿਲੀਜ਼ ਕਰਨ ਦੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਹੈਲਥ ਰਿਕਾਰਡ ਦੀ ਕਾਪੀ ਲਈ ਬੇਨਤੀ ਕਰ ਸਕਦੇ ਹੋ। ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਜਾਣਕਾਰੀ ਰਿਲੀਜ਼ ਕਰਨ ਅਤੇ ਚਾਰਟ ਰਿਵਿਊ ਪ੍ਰਕਿਰਿਆ ਵਿੱਚ ਮਦਦ ਕਰਨ ਲਈ ਕਹੋ। ਤੁਸੀਂ ਆਪਣੇ ਡਾਕਟਰ ਨੂੰ ਵੀ ਚਾਰਟ ਰਿਵਿਊ ਕਰਨ ਲਈ ਬੇਨਤੀ ਕਰ ਸਕਦੇ ਹੋ ਇਸ ਨਾਲ ਤੁਹਾਡੀ ਸਮਝ ਵਿੱਚ ਹੋਰ ਵਾਧਾ ਹੋਵੇਗਾ। ਕਿਰਪਾ ਕਰ ਕੇ ਇਹ ਸਮਝ ਲਵੋ ਕਿ ਇਹ ਪ੍ਰਕਿਰਿਆ ਪੂਰੀ ਕਰਨ ਵਿੱਚ ਸਮਾਂ ਲੱਗਦਾ ਹੈ।

# ਦੇਖ ਭਾਲ ਦੀ ਕੁਆਲਿਟੀ ਸੁਧਾਰਨ ਵਿੱਚ ਮਰੀਜ਼ ਦੀ ਭੂਮਿਕਾ
# Patient role in improving the quality of care

ਬੀ.ਸੀ. ਕੈਂਸਰ ਵਿਖੇ ਮਰੀਜ਼ਾਂ ਅਤੇ ਪਰਵਾਰਾਂ ਦੇ ਅਨੁਭਵ ਦਾ ਲਗਾਤਾਰ ਸਰਵੇਖਣ ਹੁੰਦਾ ਰਹਿੰਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹੋ ਕੇ ਤੁਹਾਨੂੰ ਇਹ ਦੱਸਣ ਦਾ ਮੌਕਾ ਮਿਲਦਾ ਹੈ ਕਿ ਅਸੀਂ ਕੀ ਠੀਕ ਕਰ ਰਹੇ ਹਾਂ ਅਤੇ ਕਿੱਥੇ ਸੁਧਾਰ ਦੀ ਲੋੜ ਹੈ।

ਜੇ ਆਪਣੀ ਦੇਖ ਭਾਲ ਬਾਰੇ ਕੋਈ ਚਿੰਤਾਵਾਂ ਹਨ ਤਾਂ ਅਸੀਂ ਤੁਹਾਨੂੰ ਤੁਹਾਡੀ ਦੇਖ ਭਾਲ ਕਰਨ ਵਾਲੀ ਟੀਮ (ਨਰਸਾਂ, ਡਾਕਟਰ, ਜਾਂ ਟੀਮ ਮੈਂਬਰ) ਨਾਲ ਉਨ੍ਹਾਂ ਚਿੰਤਾਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਜੇ ਤੁਹਾਡੀ ਚਿੰਤਾ ਦਾ ਹਲ ਨਹੀਂ ਨਿਕਲਦਾ ਤਾਂ ਤੁਸੀਂ ਕਲੀਨੀਕਲ ਕੋਆਰਡੀਨੇਟਰ, ਮੈਨੇਜਰ ਅਤੇ/ਜਾਂ ਡਾਇਰੈਕਟਰ ਨਾਲ ਗਲ ਕਰਨ ਲਈ ਕਹਿ ਸਕਦੇ ਹੋ।

ਹਰੇਕ ਬੀ.ਸੀ. ਕੈਂਸਰ ਸੈਂਟਰ ਵਿਖੇ ਜੋ ਕੁਝ ਵਧੀਆ ਚਲ ਰਿਹਾ ਹੈ ਜਾਂ ਉਸ ਵਿੱਚ ਸੁਧਾਰ ਲਈ ਤੁਸੀਂ ਕਈ ਤਰੀਕਿਆਂ ਨਾਲ ਆਪਣੀ ਰਾਇ ਜਾਂ ਸੁਝਾਅ ਪ੍ਰਦਾਨ ਕਰ ਸਕਦੇ ਹੋ। ਕਮੈਂਟ ਕਾਰਡ ਭਰਨਾ, ਕੈਂਸਰ ਸੈਂਟਰ ਨੂੰ ਡਾਕ ਰਾਹੀਂ ਇੱਕ ਚਿੱਠੀ ਭੇਜਣਾ ਇਸ ਵਿੱਚ ਸ਼ਾਮਲ ਹੈ। ਹਰੇਕ ਬੀ.ਸੀ. ਕੈਂਸਰ ਸੈਂਟਰ ਵਿਖੇ ਸੀਨੀਅਰ ਲੀਡਰ ਇਸ ਰਾਇ ਦੀ ਸਮੇਂ-ਸਮੇਂ ਸਿਰ ਸਮੀਖਿਆ ਕਰਦੇ ਹਨ।

ਇਸ ਤੋਂ ਇਲਾਵਾ ਪਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਟੀ (ਪੀ.ਐੱਚ.ਐੱਸ.ਏ.) ਵਿੱਚ ਵੀ ਪੇਸ਼ੈਂਟ ਕੇਅਰ ਕੁਆਲਿਟੀ ਦਾ ਦਫ਼ਤਰ ਹੈ ਜੋ ਦੇਖ ਭਾਲ ਦੀ ਕੁਆਲਿਟੀ ਦੇ ਸੁਆਲਾਂ ਦੇ ਜੁਆਬ ਦਿੰਦਾ ਹੈ ਅਤੇ ਮਰੀਜ਼ਾਂ. ਪਰਵਾਰਾਂ ਅਤੇ ਸਿਹਤ ਸੰਭਾਲ ਕਰਨ ਵਾਲਿਆਂ ਵਿਚਕਾਰ ਦੇਖ ਭਾਲ ਦੀ ਕੁਆਲਿਟੀ ਦੀਆਂ ਸ਼ਿਕਾਇਤਾਂ ਦਾ ਹਲ ਕਰਨ ਵਿੱਚ ਮਦਦ ਕਰਦਾ ਹੈ।

ਸੰਪਰਕ ਜਾਣਕਾਰੀ: ਮੁਫ਼ਤ ਨੰਬਰ 1-888-875-3256 ਜਾਂ pcqo@phsa.ca

ਵੈੱਬਸਾਈਟ: www.phsa.ca/PatientCareOffice

## ਸਰੋਤ
## RESOURCES

ਬੀ.ਸੀ. ਕੈਂਸਰ ਦੀਆਂ ਸੇਵਾਵਾਂ ਅਤੇ ਕੈਂਸਰ ਕੇਅਰ ਦੇ ਵਿਸ਼ਿਆਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਸਾਡੀ ਇਸ ਵੈੱਬਸਾਈਟ ਤੇ ਉਪਲਬਧ ਹੈ: www.bccancer.bc.ca

**ਬੀ.ਸੀ. ਕੈਂਸਰ ਦੀ ਆਪਣੀ ਸਿਹਤ ਸੰਭਾਲ ਟੀਮ ਨਾਲ ਸਾਂਝ ਪਾਉਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ!**

# ਦਵਾਈਆਂ ਦਾ ਚਾਰਟ
# Medication chart

ਆਪਣੀਆਂ ਦਵਾਈਆਂ ਦੀ ਲਿਸਟ ਇੱਥੇ ਬਣਾਓ ਅਤੇ ਇਸ ਲਿਸਟ ਨੂੰ ਬੀ.ਸੀ. ਕੈਂਸਰ ਦੀਆਂ ਸਾਰੀਆਂ ਅਪੌਇੰਟਮੈਂਟਾਂ ਸਮੇਂ ਨਾਲ ਲੈ ਕੇ ਆਓ।
List your medications here and bring this with you to all your BC Cancer appointments.

ਨਾਮ Name ______________________________

ਲੰਬਾਈ/ਕੱਦ Height ______________________________

ਭਾਰ Weight ______________________________

ਦਵਾਈਆਂ ਤੋਂ ਐਲਰਜੀ Medication Allergies ______________________________

______________________________

ਪਿਛਲੀ ਵਾਰ ਕਦੋਂ ਅਪਡੇਟ ਕੀਤੀ Last updated ______________________________

| ਦਵਾਈ ਦਾ ਨਾਮ<br>Name of Medication | ਤਾਰੀਖ਼<br>Date | ਮਾਤਰਾ/ਕਿੰਨੀ ਵਾਰ<br>Amount /Time Take | ਤਾਰੀਖ਼(ਬੰਦ ਕੀਤੀ)<br>Date (stopped) |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |

# ਵਿਅਕਤੀਗਤ ਨੋਟ
# Personal Notes

# ਵਿਅਕਤੀਗਤ ਨੋਟ
# Personal Notes

## ਐਮਰਜੈਂਸੀ ਪ੍ਰਤੀਕ੍ਰਿਆ ਲਈ ਬੀ.ਸੀ. ਵਿੱਚ ਵਰਤੇ ਜਾਂਦੇ ਰੰਗ
## BC colour code emergency response system

**ਨੀਲਾ ਕੋਡ – ਮੈਡੀਕਲ ਐਮਰਜੈਂਸੀ**

**ਲਾਲ ਕੋਡ – ਅੱਗ**

**ਸਫ਼ੇਦ ਕੋਡ – ਧੱਕਾ ਮੁੱਕੀ/ਹਿੰਸਕ ਵਰਤਾਓ**

**ਕਾਲਾ ਕੋਡ – ਬੰਬ ਦਾ ਖ਼ਤਰਾ**

**ਹਰਾ ਕੋਡ – ਖਾਲੀ ਕਰਨਾ**

**ਪੀਲਾ ਕੋਡ – ਮਰੀਜ਼ ਗੁੰਮ ਹੋਣਾ**

**ਐਂਬਰ ਕੋਡ – ਬੱਚਾ ਅਗਵਾ ਹੋਣਾ**

**ਭੂਰਾ ਕੋਡ – ਖ਼ਤਰਨਾਕ ਪਦਾਰਥ ਡੁੱਲ੍ਹਣਾ**

**ਸਲੇਟੀ ਰੰਗਾ ਕੋਡ – ਸਿਸਟਮ ਫੇਲ੍ਹ ਹੋਣਾ**

**ਸੰਤਰੀ ਕੋਡ – ਬਹੁਤ ਲੋਕਾਂ ਦਾ ਮਰਨਾ/ਜ਼ਖ਼ਮੀ ਹੋਣਾ**

**ਕੋਡ ਸਿਲਵਰ – ਸਰਗਰਮ ਹਮਲਾਵਰ**

ਇਸ ਕਿਤਾਬਚੇ ਨੂੰ ਅਪ੍ਰੈਲ 2023 ਵਿੱਚ ਅਪਡੇਟ ਕੀਤਾ ਗਿਆ ਅਤੇ ਬ੍ਰਿਟਿਸ਼ ਕੋਲੰਬੀਆ ਦੇ ਬੱਚਿਆਂ ਅਤੇ ਔਰਤਾਂ ਦੇ ਹੈਲਥ ਸੈਂਟਰ ਦੀ ਹੈਲਥ ਕੇਅਰ ਟੀਮ ਦਾ ਹਿੱਸਾ ਬਣਨ ਦੀ ਮਦਦ ਲਈ 20 ਸੁਝਾਅ ਵਿੱਚੋਂ ਅਡੈਪਟ ਕੀਤਾ ਗਿਆ।

# ਬੀ.ਸੀ. ਕੈਂਸਰ ਸੈਂਟਰ

## ABBOTSFORD

32900 ਮਾਰਸ਼ਲ ਰੋਡ
ਐਬਸਫੋਰਡ, ਬੀ.ਸੀ., V2S 0C2
604.851.4710
ਜਾਂ ਮੁਫ਼ਤ ਨੰਬਰ 1.877.547.3777

## KELOWNA–SINDI AHLUWALIA ਸੈਂਟਰ

399 ਰਾਇਲ ਐਵੀਨਿਊ
ਕੇਲੋਨਾ, ਬੀ.ਸੀ., V1Y 5L3
250.712.3900
ਜਾਂ ਮੁਫ਼ਤ ਨੰਬਰ 1.888.563.7773

## PRINCE GEORGE – ਉੱਤਰ ਲਈ ਸੈਂਟਰ

1215 ਲੇਥਬ੍ਰਿਜ ਸਟਰੀਟ
ਪ੍ਰਿੰਸ ਜਾਰਜ, ਬੀ.ਸੀ., V2M 7E9
250.645.7300
ਜਾਂ ਮੁਫ਼ਤ ਨੰਬਰ 1.855.775.7300

## SURREY

13750 96 ਐਵੀਨਿਊ
ਸਰੀ, ਬੀ.ਸੀ., V3V 1Z2
604.930.2098
ਜਾਂ ਮੁਫ਼ਤ ਨੰਬਰ 1.800.523.2885

## VANCOUVER

600 ਵੈੱਸਟ 10th ਐਵੀਨਿਊ
ਵੈਨਕੂਵਰ, ਬੀ.ਸੀ., V5Z 4E6
604.877.6000
ਜਾਂ ਮੁਫ਼ਤ ਨੰਬਰ 1.888.675.8001 x 8001

## VICTORIA

2410 ਲੀ ਐਵੀਨਿਊ
ਵਿਕਟੋਰੀਆ, ਬੀ.ਸੀ., V8R 6V5
250.519.5500
ਜਾਂ ਮੁਫ਼ਤ ਨੰਬਰ 1.800.670.3322

## ਬੀ.ਸੀ. ਕੈਂਸਰ ਰਿਸਰਚ

675 ਵੈੱਸਟ 10th ਐਵੀਨਿਊ
ਵੈਨਕੂਵਰ, ਬੀ.ਸੀ., V5Z 1L3
604.675.8000
ਜਾਂ ਮੁਫ਼ਤ ਨੰਬਰ 1.888.675.8001

## ਬੀ.ਸੀ. ਕੈਂਸਰ ਫ਼ਾਊਂਡੇਸ਼ਨ

150 – 686 ਵੈੱਸਟ ਬਰਾਡਵੇ
ਵੈਨਕੂਵਰ, ਬੀ.ਸੀ., V5Z 1G1
604.877.6040
ਜਾਂ ਮੁਫ਼ਤ ਨੰਬਰ 1.888.906.CURE/2873

BC CANCER

Provincial Health Services Authority
Province-wide solutions. Better health.

BRITISH COLUMBIA
Ministry of Health